
ਬਾਲ ਕਹਾਣੀਆਂ

ਆਲ੍ਹਣਿਆਂ ਦੀ ਰਾਖੀ

ਬਲਜਿੰਦਰ ਮਾਨ



BVP - 1952
23/2/18

2/3

ਆਲ੍ਹਣਿਆਂ ਦੀ ਰਾਖੀ

ਸਮੇਂ ਦੇ ਹਾਣੀ ਬਣਾਉਣ ਵਾਲੀਆਂ

ਬਾਲ ਕਹਾਣੀਆਂ

ਬਲਜਿੰਦਰ ਮਾਨ

ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਮਾਹਿਲਪੁਰ (ਹੁਸ਼ਿਆਰਪੁਰ)

Ahlnian Di Rakhi

(Stories for Children)

*By : **Baljinder Mann***

ਰਿਹਾਇਸ਼ :

ਬਲਜਿੰਦਰ ਮਾਨ

ਪਿੰਡ : ਮਹਿਮਦਵਾਲ ਕਲਾਂ,

ਡਾਕ : ਰਾਮਪੁਰ ਝੰਜੋਵਾਲ,

ਜ਼ਿਲ੍ਹਾ : ਹੁਸ਼ਿਆਰਪੁਰ, ਪੰਜਾਬ (144530)

Office :

Editor : Nikkian Krumblan

Karumblan Bhawan,

Garhshankar Road Mahilpur,

Distt. Hoshiarpur - 146105

Punjab (India)

Mob. : 98150-18947

e-mail :nikkiankarumblan@rediffmail.com

ਮੁੱਲ : 70/-

ਪ੍ਰਕਾਸ਼ਨ ਸਾਲ : 2013, 2014, 2015, 2016, 2017

ਚਿੱਤਰਕਾਰ : ਕਮਲਜੀਤ ਨੀਲੋਂ

(ਭਾਰਤੀ ਸਾਹਿਤ ਅਕਾਦਮੀ ਅਤੇ ਸ਼੍ਰੋਮਣੀ ਬਾਲ ਸਾਹਿਤ ਪੁਰਸਕਾਰ ਜੇਤੂ)

ਸਰਵਰਕ : ਕੁਲਵਿੰਦਰ ਕੌਰ ਰੂਹਾਨੀ

ਸਮਰਪਣ :

ਜਿਹੜੇ ਰਚਨਾਤਮਿਕ ਸੋਚ
ਨਾਲ ਮੇਰੀ ਸਿਰਜਣਾ
ਨੂੰ ਹੁੰਗਾਰਾ ਦੇ
ਰਹੇ ਨੇ।

ਤਰਤੀਬ

ਬਲਜਿੰਦਰ ਮਾਨ ਦੀ ਸਾਹਿਤ ਸਿਰਜਣਾ

ਮੌਲਿਕ ਪੁਸਤਕਾਂ :

1. ਸਮੇਂ ਦੇ ਹਾਣੀ (ਵਾਰਤਕ) 1994
2. ਫੁਟਬਾਲ ਜਗਤ ਮਾਹਿਲਪੁਰ (ਵਾਰਤਕ)1995
3. ਪੰਜਾਬ ਦੀ ਸੱਗੀ ਫੁੱਲ (ਰੇਖਾ ਚਿੱਤਰ) 2003
4. ਬਾਲ਼ ਚਿਰਾਗ (ਬਾਲ ਕਾਵਿ ਸੰਗ੍ਰਹਿ) 2004
5. ਸੁਨਿਹਰੀ ਭਵਿੱਖ (ਬਾਲ ਕਹਾਣੀਆਂ) 2007
6. ਚੜ੍ਹਦੇ ਸੂਰਜ ਵਾਲੇ ਰਾਜਾਂ ਵਿੱਚ (ਸਫ਼ਰਨਾਮਾ) 2008
7. ਤ੍ਰਿਪੁਰਾ ਦਰਸ਼ਨ (ਸਫ਼ਰਨਾਮਾ) 2008
8. ਸੁਗੰਧੀਆਂ (ਬਾਲ ਕਹਾਣੀਆਂ) 2009
9. ਮਾਂ ਜਿਹਾ ਲਾਡ (ਬਾਲ ਕਾਵਿ ਸੰਗ੍ਰਹਿ) 2011
10. ਮੇਰਾ ਸੁਪਨਾ (ਨਰਸਰੀ ਗੀਤ) 2012
11. ਆਲ੍ਹਣਿਆਂ ਦੀ ਰਾਖੀ (ਬਾਲ ਕਹਾਣੀਆਂ) 2013
12. ਸਾਡਾ ਸੰਵਿਧਾਨ ਤੇ ਬਾਲ ਅਧਿਕਾਰ (ਕਾਨੂੰਨੀ ਲੇਖ ਸੰਗ੍ਰਹਿ) 2014
13. ਧਰਤੀ ਦਾ ਸ਼ਿੰਗਾਰ (ਬਾਲ ਚਿੱਤਰ ਕਥਾਵਾਂ) 2014
14. ਘੋਂਸਲੋਂ ਕੀ ਰਕਸ਼ਾ (ਹਿੰਦੀ ਬਾਲ ਕਹਾਣੀਆਂ) 2016
15. ਸੋਹਣਾ ਪਿੰਡ ਬਣਾਈਏ (ਬਾਲ ਨਾਟਕ) 2017

ਅਨੁਵਾਦਿਤ ਪੁਸਤਕਾਂ:

1. ਨਿਆਂ ਦੀ ਘੰਟੀ (ਬਾਲ ਕਹਾਣੀਆਂ) 2009
2. ਸੁਲਤਾਨ ਦੀ ਪਸੰਦ ਤੇ ਹੋਰ ਕਹਾਣੀਆਂ (ਐਨ. ਬੀ. ਟੀ. ਇੰਡੀਆ ਦਿੱਲੀ) 2009
3. ਫਿਰ ਕੀ ਹੋਇਆ? (ਬਾਲ ਨਾਵਲ, ਐਨ.ਬੀ.ਟੀ. ਇੰਡੀਆ ਦਿੱਲੀ) 2010
4. ਚਮਤਕਾਰੀ ਗਾਗਰ (ਦੇਸ਼ ਵਿਦੇਸ਼ ਦੀਆਂ ਲੋਕ ਕਥਾਵਾਂ) 2011
5. ਵਜੀਰ ਦੀ ਲੜਕੀ (ਰੌਚਕ ਲੋਕ ਕਥਾਵਾਂ) 2017

ਸੰਪਾਦਿਤ ਪੁਸਤਕਾਂ:

1. ਕੀ ਦੱਸਾਂ? ਕੌਣ ਸੁਣਦਾ? (ਕਹਾਣੀ ਸੰਗ੍ਰਹਿ)1991
2. ਖੋਤੀ ਵਾਲ਼ਾ ਅੰਕਲ (ਇੱਕ ਲੰਬੀ ਬਾਲ ਕਹਾਣੀ)1993
3. ਕਰੂੰਬਲਾਂ (ਨਰਸਰੀ ਗੀਤ) 2001
4. ਕਰਮਯੋਗੀ ਪ੍ਰਿੰਸੀਪਲ ਹਰਭਜਨ ਸਿੰਘ (ਜੀਵਨੀ) 2005
5. ਬਾਲ ਸਭਾ (ਬਾਲ ਨਾਟਕ) 2008
6. ਪੁੱਤਰਾਂ 'ਚੋਂ 'ਪੁੱਤਰ ਸਰਵਨ ਕੁਮਾਰ (2008)
7. ਸ਼ਹੀਦ ਚੰਦਰ ਸ਼ੇਖਰ ਆਜ਼ਾਦ (2009)
8. ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ (2009)
9. ਜੀਵਨ ਦੇ ਰੰਗਮੰਚ ਤੇ (ਨਾਟਕ) 2009
10. ਭਾਰਤ ਮਾਂ ਉਦਾਸ ਹੈ! (ਬਾਲ ਇਕਾਂਗੀ) 2009
11. ਗੁਰੂ ਸਾਹਿਬਾਨ ਤੇ ਕਥਾ ਕਹਾਣੀਆਂ (2010)
12. ਗਿਆਨ ਸਾਗਰ ਰਮਾਇਣ (2010)
13. ਜੀਵਨ ਭਗਤ ਸਿੰਘ ਸ਼ਹੀਦ ਦਾ (2011)
14. ਧਰਤੀ ਗਾਵੇ ਅੰਬਰ ਨੱਚੇ (ਕਾਵਿ ਸੰਗ੍ਰਹਿ) 2012
15. ਦਾਦੀ ਮਾਂ ਦੀਆਂ ਬਾਤਾਂ (ਬਾਲ ਕਹਾਣੀਆਂ) 2012
16. ਗਦਰ ਦੀ ਸ਼ਾਨ (ਸ਼ਹੀਦ ਕਰਤਾਰ ਸਿੰਘ ਸਰਾਭਾ) 2013
17. ਮਿੱਟੀ ਰੁੱਸ-ਰੁੱਸ ਬਹਿੰਦੀ (ਰੋਚਕ ਗੀਤ) 2013
18. ਸਕੂਲੀ ਬੱਚਿਆਂ ਲਈ ਚੋਣਵੀਆਂ ਕਹਾਣੀਆਂ 2014
19. ਸਕੂਲੀ ਵਿਦਿਆਰਥੀਆਂ ਲਈ ਨੈਤਿਕ ਕਹਾਣੀਆਂ (2015)

'ਆਲ੍ਹਣਿਆਂ ਦੀ ਰਾਖੀ' ਸਮੇਂ ਨਾਲ ਸੰਵਾਦ ਰਚਾਉਂਦੀਆਂ ਬਾਲ ਕਹਾਣੀਆਂ

ਪੰਜਾਬੀ ਬਾਲ-ਸਾਹਿਤ ਨਾਲ ਪ੍ਰਤੀਬੱਧ, 'ਨਿੱਕੀਆਂ ਕਰੂੰਬਲਾਂ' ਦਾ ਸੰਪਾਦਕ, ਖੇਡ ਸਾਹਿਤ ਦਾ ਲੇਖਕ ਤੇ ਪੰਜਾਬੀ ਮਾਂ-ਬੋਲੀ ਦਾ ਹਿੱਤ-ਅਭਿਲਾਸ਼ੀ ਸ੍ਰੀ ਬਲਜਿੰਦਰ ਮਾਨ ਪੰਜਾਬ ਤੇ ਪੰਜਾਬੀ - ਬੱਚਿਆਂ ਲਈ ਪਿਛਲੇ ਵੀਹ-ਬਾਈ ਸਾਲਾਂ ਤੋਂ ਇੱਕ ਲੰਮੀ ਦੌੜ ਵਿੱਚ ਲੱਗਿਆ ਹੋਇਆ ਸਾਧਕ ਹੈ। ਪੰਜਾਬੀ ਬਾਲ-ਸਾਹਿਤ ਲਈ ਬਤੌਰ ਸੰਪਾਦਕ ਉਸਦਾ ਸਿਰੜ ਚਰਚਾ ਕਰਾਉਂਦਾ ਹੈ। ਬੱਚਿਆਂ ਲਈ ਕਹਾਣੀਆਂ, ਕਵਿਤਾਵਾਂ, ਸਫ਼ਰਨਾਮਾ ਤੇ ਗਿਆਨ-ਵਿਗਿਆਨ ਦੇ ਵਿਸ਼ਿਆਂ ਬਾਰੇ ਨਿਰੰਤਰ ਲਿਖਣਾ, ਉਸਦਾ ਸਾਹਿਤਕ ਕਰਤੱਵ ਬਣ ਗਿਆ ਹੈ। ਉਸਨੇ ਹੋਰ ਲੇਖਕਾਂ ਦੀਆਂ ਬਾਲ -ਪੁਸਤਕਾਂ ਦੀ ਸੰਪਾਦਨਾ ਕਰਕੇ ਇੱਕ ਹੋਰ ਸੁਹਿਰਦ ਜ਼ਿੰਮੇਵਾਰੀ ਨਿਭਾਈ ਹੈ।

ਬਾਲ-ਸਾਹਿਤ ਬਾਰੇ ਕੋਈ ਦੂਰ-ਦੁਰਾਡੇ ਸਮਾਗਮ ਹੋਵੇ, ਉਸ ਵਿੱਚ ਹਾਜ਼ਰ ਹੋਣਾ, ਬਲਜਿੰਦਰ ਮਾਨ ਆਪਣਾ ਫਰਜ਼ ਸਮਝਦਾ ਹੈ ਤਾਂ ਜੋ ਕਈ ਚੰਗਾ ਗੁਣ ਗ੍ਰਹਿਣ ਕਰ ਸਕੇ। ਇਹ ਭਾਵਨਾ ਉਸ ਦੇ ਸਿਖਾਂਦਰੂ ਵਿਅਕਤੀਤੱਵ ਦੀ ਪਛਾਣ ਨੂੰ ਗੂੜ੍ਹਾ ਕਰਦੀ ਹੈ। ਉਹ ਬਾਲ ਸਾਹਿਤ ਦੇ ਚੰਗੇਰੇ ਭਵਿੱਖ ਬਾਰੇ ਫ਼ਿਕਰਮੰਦ ਹੈ ਤੇ ਆਪਣੀ ਕਰਮਸ਼ੀਲ ਚੇਤਨਾ ਰਾਹੀਂ ਨਵੇਂ ਦਿਸਹੱਦੇ ਢੂੰਡਦਾ ਰਹਿੰਦਾ ਹੈ।

'ਆਲ੍ਹਣਿਆਂ ਦੀ ਰਾਖੀ' ਉਸ ਦਾ ਸੱਜਰਾ ਬਾਲ-ਕਹਾਣੀ ਸੰਗ੍ਰਹਿ ਹੈ ਜਿਸ ਵਿੱਚ ਪੰਜ ਕਹਾਣੀਆਂ ਹਨ। ਹਰ ਕਹਾਣੀ ਅਜੋਕੇ ਸਮਕਾਲ ਦੇ ਸੰਦਰਭ ਵਿੱਚੋਂ ਉਪਜਦੀ, ਵਿਗਸਦੀ ਤੇ ਭਵਿੱਖ ਮੁਖੀ ਚੇਤਨਾ ਜਗਾਉਂਦੀ ਹੈ। ਕਹਾਣੀਆਂ ਵਿੱਚ ਪਾਤਰਾਂ ਵੱਜੋਂ ਬੱਚੇ, ਬਜ਼ੁਰਗ, ਪੰਛੀ, ਜਾਨਵਰ ਤੇ ਹੋਰ ਜੀਵ ਘਟਨਾਵਾਂ ਨਾਲ ਸੰਵਾਦ ਰਚਾਉਂਦੇ ਹਨ। ਰੁੱਖਾਂ ਦੀ ਸਾਂਭ ਸੰਭਾਲ, ਪੰਛੀਆਂ 'ਤੇ ਰਹਿਮ, ਜੀਵਾਂ ਪ੍ਰਤੀ ਨਿਰਮਾਣਤਾ, ਵੱਡਿਆਂ ਲਈ ਸਤਿਕਾਰ, ਦੇਸ਼ ਪਿਆਰ, ਚੰਗੀ ਸਿਹਤ, ਵਾਤਾਵਰਣ ਦੀ ਸ਼ੁੱਧਤਾ

ਲਈ ਚੇਤਨਾ, ਪਾਣੀ ਦੀ ਮਹੱਤਤਾ, ਵਿਰਸੇ ਤੇ ਸੱਭਿਆਚਾਰ ਨਾਲ ਲਗਾਓ, ਸਫ਼ਾਈ ਦੀ ਮਹੱਤਤਾ, ਅਜੋਕੀ ਜੀਵਨ ਸ਼ੈਲੀ ਲਈ ਨੈਤਿਕ ਕਦਰਾਂ ਕੀਮਤਾਂ ਦੀ ਹੋਂਦ, ਆਪਸੀ ਮੇਲ-ਮਿਲਾਪ, ਚੰਗੇਰੇ ਸਮਾਜ ਲਈ ਸਮਰਪਤਾ, ਫ਼ਜ਼ੂਲ ਖਰਚੀ ਤੇ ਸੰਜਮ ਵਰਗੇ ਸੰਕਲਪਾਂ ਨੂੰ ਸਹਿਜ ਤੇ ਰੌਚਕ ਢੰਗ ਨਾਲ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਕਹਾਣੀ ਵਿਧਾ ਰਾਹੀਂ ਹਰ ਵਿਸ਼ੇ ਨੂੰ ਕਥਾ-ਰਸ ਰਾਹੀਂ ਅਭਿਵਿਅਕਤ ਕੀਤਾ ਜਾ ਸਕਦਾ ਹੈ। ਇਨ੍ਹਾਂ ਸਾਰੇ ਨੁਕਤਿਆਂ ਨੂੰ 'ਆਲ੍ਹਣਿਆਂ ਦੀ ਰਾਖੀ', 'ਸਮੇਂ ਦੇ ਹਾਣੀ', 'ਉੱਚਾ ਬੋਲ ਨਾ ਬੋਲੀਏ', 'ਆਲਸੀ ਰਾਜਾ', 'ਇਹ ਕੀ ਹੈ?', 'ਤਾਸ਼ ਦੀ ਬਾਜ਼ੀ', 'ਮੈਂ ਪਾਇਲਟ ਬਣਾਂਗਾ' ਕਹਾਣੀਆਂ ਵਿੱਚ ਮਾਣਿਆ ਜਾ ਸਕਦਾ ਹੈ। ਪੰਛੀਆਂ ਤੇ ਜਾਨਵਰਾਂ ਦੇ ਰਾਹੀਂ ਕਹਾਣੀ-ਵਿਸ਼ੇ ਨੂੰ ਪੇਸ਼ ਕਰਨਾ ਇੱਕ ਵਧੀਆ ਢੰਗ ਹੈ ਕਿਉਂਕਿ ਬੱਚਿਆਂ ਨੂੰ ਉਨ੍ਹਾਂ ਨਾਲ ਗੱਲਾਂ ਕਰਨੀਆਂ ਚੰਗੀਆਂ ਲੱਗਦੀਆਂ ਹਨ। ਸ਼੍ਰੀ ਬਲਜਿੰਦਰ ਮਾਨ ਨੇ ਨਵੇਂ ਵਿਸ਼ਿਆਂ ਨੂੰ ਕਹਾਣੀਆਂ ਦਾ ਜਾਮਾ ਪਹਿਨਾ ਕੇ ਪੰਜਾਬੀ ਬਾਲ - ਕਹਾਣੀ ਨੂੰ ਇੱਕ ਵੱਖਰਾ ਮੋੜ ਦਿੱਤਾ ਹੈ। ਅਜਿਹੀ ਕਿਰਤ ਲਈ ਸ਼੍ਰੀਮਾਨ ਵਧਾਈ ਦਾ ਹੱਕਦਾਰ ਹੈ।

ਮਨਮੋਹਨ ਸਿੰਘ ਦਾਊਂ

ਭਾਰਤੀ ਸਾਹਿਤ ਅਕੈਡਮੀ ਪੁਰਸਕਾਰ ਜੇਤੂ ਤੇ ਸ਼੍ਰੋਮਣੀ ਬਾਲ ਸਾਹਿਤਕਾਰ

ਆਲ੍ਹਣਿਆਂ ਦੀ ਰਾਖੀ

ਹੈਰੀ ਦੇ ਘਰ ਲਾਗੇ ਦਰੱਖਤਾਂ ਦਾ ਇੱਕ ਝੁੰਡ ਸੀ। ਜਿਸ ਵਿੱਚ ਫ਼ਲਦਾਰ ਅਤੇ ਛਾਂਦਾਰ ਰੁੱਖ ਲੱਗੇ ਹੋਏ ਸਨ। ਉਹ ਸਾਰਾ ਦਿਨ ਟੀ.ਵੀ. ਦੇਖਦਾ ਰਹਿੰਦਾ । ਜਿਸ ਕਾਰਨ ਉਸਦੀਆਂ ਅੱਖਾਂ ਵਿੱਚ ਖਾਰਸ਼ ਹੋਣ ਲੱਗ ਪਈ। ਇੱਕ ਦਿੱਨ ਉਸਦੇ ਡਾਕਟਰ ਮਾਮਾ ਜੀ ਆਏ ਤਾਂ ਉਹਨਾਂ ਨੇ ਹੈਰੀ ਨੂੰ ਸਮਝਾਇਆ।

''ਬੇਟੇ, ਦੇਖ ਤੈਨੂੰ ਕਿੰਨੀਆਂ ਮੌਜਾਂ ਨੇ। ਆਲ਼ੇ - ਦੁਆਲ਼ੇ ਕਿੰਨੇ ਸੋਹਣੇ ਨਜ਼ਾਰੇ ਹਨ। ਚੜ੍ਹਦੇ ਪਾਸੇ ਸ਼ਿਵਾਲਿਕ ਦੀਆਂ ਪਹਾੜੀਆਂ । ਇੱਧਰ ਬਾਗ ਤੇ ਦੂਜੇ ਪਾਸੇ ਵਿਸ਼ਾਲ ਮੈਦਾਨ । ਤੂੰ ਫਿਰ ਟੀ.ਵੀ. ਨਾਲ ਚਿੰਬੜਿਆਂ ਰਹਿੰਨੇ।''

''ਮੈਂ ਇਹਨਾਂ ਦਾ ਕੀ ਕਰਾਂ।'' ਹੈਰੀ ਨੇ ਪੁੱਛਿਆ।

''ਹਾਂ ਬੇਟੇ, ਸ਼ਾਇਦ ਤੈਨੂੰ ਇਹੀ ਨੀ ਪਤਾ ਕਿ ਸਾਨੂੰ ਇਹਨਾਂ ਦਾ ਕੀ ਲਾਭ ਹੈ। ਸ਼ਹਿਰਾਂ ਵਿੱਚ ਵਸਦੇ ਲੋਕ ਕੁਦਰਤੀ ਨਜ਼ਾਰੇ ਦੇਖਣ ਲਈ ਕਿੰਨਾ ਸਫ਼ਰ ਕਰਦੇ ਨੇ।''

''ਬਹੁਤ ਲੰਬਾ ਸਫਰ ਕਰਨਾ ਪੈਂਦਾ ਕੁੱਲੂ ਤੇ ਮਨਾਲੀ ਜਾਣ ਨੂੰ।'' ਹੈਰੀ ਨੇ ਜਵਾਬ ਦਿੱਤਾ।

''ਹਾਂ ਬੇਟੇ ਤੇਰੇ ਤਾਂ ਕੋਲ ਹੀ ਮਨਾਲੀ ਹੈ। ਪਹਾੜ ਵੀ ਨੇ, ਬਾਗ ਵੀ ਨੇ ਤੇ ਇੱਧਰ ਜੰਗਲ ਵੀ। ਫਿਰ ਤੂੰ ਦੇਖ ਕਿੰਨਾਂ ਭਾਗਾਂ ਵਾਲ਼ਾ '' ਮਾਮੇ ਨੇ ਗੱਲ ਸਮਝਾਈ।

''ਮਾਮਾ ਜੀ ਮੈਂ ਭਾਗਾਂ ਵਾਲ਼ਾ ਕਿਵੇਂ ਬਣ ਗਿਆ?''

''ਦੇਖ ਬੇਟੇ ਭਾਗਾਂ ਵਾਲ਼ਾ ਉਹ ਹੁੰਦੈ ਜਿਸ ਕੋਲ ਕੁਦਰਤੀ ਸਰਮਾਇਆ ਹੋਵੇ। ਤੇ ਇਹ ਸਾਰਾ

ਕੁੱਝ ਕੁਦਰਤੀ ਸਰਮਾਇਆ ਹੀ ਹੈ। ਹੋਇਆ ਨਾ ਤੂੰ ਭਾਗਾਂ ਵਾਲਾ। ਜਿਹੜੇ ਇਹਨਾਂ ਤੋਂ ਦੂਰ ਬੈਠੇ ਨੇ ਉਹ ਇਹਨਾਂ ਵਾਸਤੇ ਤਰਸ ਰਹੇ ਨੇ ਤੇ ਤੂੰ ਇਹਨਾਂ ਦੇ ਨਜ਼ਾਰੇ ਲੁੱਟ ਰਿਹੈਂ?"

"ਗੱਲ ਤਾਂ ਤੁਹਾਡੀ ਸੱਚੀ ਐ। ਪਰ ਮੈਂ ਤਾਂ ਕਦੀ ਸੋਚਿਆ ਨੀ।"

"ਬੇਟੇ ਤੇਰੇ ਪਾਪਾ ਤੈਨੂੰ ਰੋਜ਼ ਇਹੀ ਸਮਝਾਉਂਦੇ ਨੇ। ਬਈ ਕੁਦਰਤ ਦੀ ਗੋਦੀ ਦਾ ਨਿੱਘ ਮਾਣੋ। ਇਸ ਨਾਲ ਤਨ, ਮਨ ਤੇ ਬੁੱਧੀ ਨੂੰ ਬਲ ਮਿਲਦਾ ਹੈ।

"ਮਾਮਾ ਜੀ ਬਲ ਕਿਵੇਂ ਮਿਲਦੈ?"

"ਜਦੋਂ ਅਸੀਂ ਸ਼ੁੱਧ ਹਵਾ ਲੈਂਦੇ ਹਾਂ ਤਾਂ ਸਾਡੇ ਅੰਦਰ ਆਕਸੀਜਨ ਦੀ ਕਮੀ ਦੂਰ ਹੋ ਜਾਂਦੀ ਹੈ। ਇਸ ਨਾਲ ਸਾਡੀ ਸਰੀਰਕ, ਮਾਨਸਿਕ ਅਤੇ ਬੌਧਿਕ ਸਮਰੱਥਾ ਵੱਧ ਜਾਂਦੀ ਹੈ। ਇਹਨਾਂ ਦੇ ਫਲ ਸਾਡੇ ਲਈ ਕਿੰਨੇ ਲਾਭਕਾਰੀ ਹਨ। ਫਿਰ ਇੱਥੋਂ ਦੇ ਸੁੰਦਰ ਦ੍ਰਿਸ਼ ਮਨ ਨੂੰ ਮੋਹ ਲੈਂਦੇ ਹਨ। ਜਦੋਂ ਸਾਡਾ ਮਨ ਖੁਸ਼ ਹੁੰਦਾ ਹੈ ਤਾਂ ਸਾਡੀਆਂ ਮਾਸਪੇਸ਼ੀਆਂ ਬੜਾ ਕੰਮ ਕਰਦੀਆਂ ਨੇ। ਇੰਜ ਸਾਡੀ ਸਿਹਤ ਤੰਦਰੁਸਤ ਰਹਿੰਦੀ ਹੈ। ਤੇ ਤੂੰ ਸਾਰਾ ਦਿਨ ਟੀ.ਵੀ. ਨਾਲ ਚਿੰਬੜ ਕੇ ਸਾਰਾ ਕੁੱਝ ਗੁਆਈ ਜਾ ਰਿਹੈ।।" ਮਾਮਾ ਜੀ ਨੇ ਉਸਨੂੰ ਫਿਰ ਹਲੂਣਿਆ।

" ਮਾਮਾ ਜੀ ਮੈਂ ਕੀ ਗੁਆਈ ਜਾ ਰਿਹਾਂ?"ਹੈਰੀ ਨੇ ਹੈਰਾਨ ਹੁੰਦਿਆਂ ਪੁੱਛਿਆ।

" ਬੇਟੇ ਜੋ ਗੱਲਾਂ ਮੈਂ ਤੈਨੂੰ ਦੱਸੀਆਂ ਨੇ ਤੂੰ ਉਹ ਸੱਭ ਕੁੱਝ ਗੁਆਈ ਜਾ ਰਿਹੈਂ।ਕਹਿੰਦੇ ਨੇ ਜੇ ਅੱਖਾਂ ਦੀ ਰੋਸ਼ਨੀ ਚਲੀ ਜਾਵੇ ਤਾਂ ਸਾਰਾ ਜਹਾਨ ਹੀ ਚਲਿਆ ਜਾਂਦੇ । ਸਭ ਤੋਂ ਪਹਿਲਾਂ ਤੂੰ ਆਪਣੀ ਸਿਹਤ ਦਾ ਨੁਕਸਾਨ ਕਰ ਰਿਹੈਂ। ਫਿਰ ਆਪਣੀ ਪੜ੍ਹਾਈ ਦਾ। ਇਸ ਤਰ੍ਹਾਂ ਤੂੰ ਸਭ ਕੁੱਝ ਹੀ ਗੁਆਈ ਜਾ ਰਿਹੈਂ।"

ਮਾਮਾ ਜੀ ਇੰਨੀਆਂ ਗੱਲਾਂ ਕਰ ਕੇ ਦੂਸਰੇ ਕਮਰੇ ਵਿੱਚ ਹੈਰੀ ਦੇ ਪਾਪਾ ਜੀ ਨਾਲ ਗੱਲਾਂ ਵਿੱਚ



ਮਸਤ ਹੋ ਗਏ ਸਨ।

ਅੱਜ ਹੈਰੀ ਨੇ ਬਾਹਰ ਬਾਗ ਵਿੱਚ ਜਾਣ ਦਾ ਮਨ ਬਣਾ ਲਿਆ। ਉਸਦੇ ਸਾਥੀ ਪ੍ਰਿਅੰਕਾ, ਨੈਨਸੀ, ਸੁਰਖਾਬ, ਤਨੂੰ, ਬੱਬੂ ਤੇ ਪ੍ਰਿੰਸ ਵੀ ਨਾਲ ਸਨ। ਉਨ੍ਹਾਂ ਨੂੰ ਬਾਗ਼ ਵਿੱਚ ਘੁੰਮਣ ਨਾਲ ਬੜਾ ਅਨੰਦ ਮਿਲਿਆ। ਕਿਤੇ ਅੰਬਾਂ ਨਾਲ ਲੱਦੇ ਬੂਟੇ, ਕਿਤੇ ਜਾਮਨਾਂ ਦੀ ਠੰਡੀ ਛਾਂ। ਸਾਰੇ ਬਾਗ ਵਿੱਚ ਹਰਿਆਲੀ ਅਤੇ ਏ. ਸੀ. ਵਾਲੀ ਠੰਡਕ ਮਹਿਸੂਸ ਕਰਕੇ ਬੱਚੇ ਟੀ.ਵੀ. ਦੇਖਣਾ ਭੁੱਲ ਹੀ ਗਏ ਸਨ।

ਬਾਗ਼ ਵਿੱਚ ਉਹਨਾਂ ਦੇਖਿਆ ਕਿ ਇੱਕ ਕਿਨਾਰੇ ਲੱਗੀ ਕਿੱਕਰ ਤੇ ਪੰਛੀਆਂ ਨੇ ਆਲ੍ਹਣੇ ਪਾਏ ਹੋਏ ਨੇ। ਪੰਛੀ ਆਪਣੀ ਮਸਤੀ ਵਿੱਚ ਗੀਤ ਗਾ ਰਹੇ ਸਨ। ਜਦੋਂ ਉਨ੍ਹਾਂ ਬਾਗ ਵਿੱਚ ਬੱਚੇ ਘੁੰਮਦੇ ਦੇਖੇ ਤਾਂ ਉਨ੍ਹਾਂ ਦੀ ਆਮਦ ਦੀ ਖੁਸ਼ੀ ਵਿੱਚ ਸਾਰੇ ਗੀਤ ਗਾਉਣ ਲੱਗ ਪਏ। ਹੈਰੀ ਹੁਰੀਂ ਵੀ ਉਨ੍ਹਾਂ ਦੇ ਗੀਤ ਸੁਣ ਕੇ ਲੁੱਡੀਆਂ ਪਾਉਣ ਲੱਗੇ। ਤਰ੍ਹਾਂ ਤਰ੍ਹਾਂ ਦੇ ਖੰਭਾਂ ਵਾਲੇ ਪੰਛੀ ਜਦੋਂ ਉਹਨਾ ਕੋਲੋਂ ਉਡਾਰੀ ਮਾਰਦੇ ਤਾਂ ਸਾਰੇ ਬੱਚਿਆਂ ਦੇ ਮਨ ਵਿੱਚ ਵੀ ਉਹਨਾਂ ਵਾਂਗ ਉਡਾਰੀਆਂ ਮਾਰਨ ਨੂੰ ਜੀ ਕਰਦਾ। ਉਹ ਸਾਰਾ ਦਿਨ ਉੱਥੇ ਹੀ ਘੁੰਮਦੇ ਰਹੇ। ਜਦੋਂ ਘਰ ਵਾਪਿਸ ਆਏ ਤਾਂ ਮੰਮੀ ਨੇ ਪੁੱਛਿਆ, "ਬਈ ਅੱਜ ਕਿੱਧਰ ਰਹੇ?"

ਹੈਰੀ ਨੇ ਬੜੀ ਖੁਸ਼ੀ ਨਾਲ ਜਵਾਬ ਦਿੱਤਾ, " ਮੰਮੀ ਜੀ ਅੱਜ ਤਾਂ ਕਮਾਲ ਹੋ ਗਿਐ। ਅਸੀਂ ਬੜੇ ਨਜ਼ਾਰੇ ਲੁੱਟੇ। ਹੁਣ ਤਾਂ ਅਸੀਂ ਰੋਜ਼ ਬਾਗ਼ ਵਿੱਚ ਜਾਇਆ ਕਰਾਂਗੇ।" ਮਾਮਾ ਜੀ ਠੀਕ ਹੀ ਕਹਿੰਦੇ ਸਨ।

"ਅੱਛਾ ਜੀ ਤੁਸੀਂ ਹੁਣ ਡਾਕਟਰ ਮਾਮਾ ਜੀ ਦੀ ਗੱਲ ਮੰਨ ਲਈ।"

"ਹਾਂ ਅਸੀਂ ਅੰਦਰ ਵੜਕੇ ਟੀ.ਵੀ ਨੀ ਦੇਖਣਾ, ਸਗੋਂ ਕੁਦਰਤੀ ਨਜ਼ਾਰਿਆਂ ਦਾ ਅਨੰਦ ਲੈਣਾ ਹੈ। ਉੱਥੇ ਬੜੇ ਮਜ਼ੇ ਆਉਂਦੇ ਨੇ।"

ਦੂਸਰੇ ਦਿਨ ਜਦੋਂ ਹੈਰੀ ਦੀ ਟੋਲੀ ਮੁੜ ਬਾਗ ਵਿੱਚ ਗਈ ਤਾਂ ਉੱਥੇ ਪੰਛੀਆਂ ਨੇ ਬੜਾ ਰੌਲ਼ਾ

ਪਾਇਆ ਹੋਇਆ ਸੀ। ਉਹ ਹੈਰਾਨ ਸਨ ਕਿ ਅੱਜ ਪੰਛੀ ਗੀਤ ਕਿਉਂ ਨਹੀਂ ਗਾਉਂਦੇ। ਜਦੋਂ ਉਹ ਬਾਗ ਦੇ ਦੂਜੇ ਕਿਨਾਰੇ ਪਹੁੰਚੇ ਤਾਂ ਕੁੱਝ ਆਦਮੀ ਕਿੱਕਰ ਨੂੰ ਕੱਟਣ ਲਈ ਟੋਇਆ ਪੁੱਟ ਰਹੇ ਸਨ। ਇਸੇ ਕਰਕੇ ਪੰਛੀ ਰੌਲ਼ਾ ਪਾ ਰਹੇ ਸਨ। ਉਹਨਾਂ ਦੀ ਪੂਰੀ ਬਸਤੀ ਉਸ ਕਿੱਕਰ ਉਤੇ ਸੀ। ਕੁੱਝ ਪੰਛੀਆਂ ਨੇ ਬੱਚਿਆਂ ਦੇ ਕੋਲ਼ ਆ ਕੇ ਵੀ ਚੀਂ-ਚੀਂ ਕੀਤੀ। ਜਿਵੇਂ ਉਹ ਕਹਿ ਰਹੇ ਹੋਣ ਕਿ ਇਨ੍ਹਾਂ ਨੂੰ ਰੋਕੋ। ਦਰੱਖਤ ਵੱਢ ਹੁੰਦਾ ਦੇਖ ਕੇ ਬੱਚੇ ਬੜੇ ਦੁਖੀ ਹੋਏ। ਉਹਨਾਂ ਨੇ ਸੋਚਿਆ ਕਿ ਇਹਨਾਂ ਨੂੰ ਕਿਵੇਂ ਰੋਕਿਆ ਜਾਵੇ। ਹੈਰੀ ਨੂੰ ਇੱਕ ਸਕੀਮ ਸੁੱਝੀ। ਉਸਨੇ ਤਾਏ ਨਾਲ ਗੱਲ ਕਰਨੀ ਚਾਹੀ। ਜਿਹੜਾ ਦਰੱਖਤ ਵਢਵਾ ਰਿਹਾ ਸੀ। "ਤਾਇਆ ਜੀ ਤੁਸੀਂ ਇਹਨਾਂ ਨੂੰ ਕਿਉਂ ਵੱਢ ਰਹੇ ਹੋ?" ਉਸਨੇ ਤਾਏ ਨੂੰ ਪੁੱਛਿਆ।

"ਬੇਟੇ ਮੈਨੂੰ ਪੈਸੇ ਚਾਹੀਦੇ ਨੇ। ਮੈਂ ਇਹਨਾਂ ਨੂੰ ਵੱਢ ਕੇ ਲੱਕੜ ਵੇਚਣੀ ਹੈ। ਇਸ ਲਈ ਵੱਢ ਰਿਹਾ ਹਾਂ।"

ਹੈਰੀ ਉਸ ਵੇਲੇ ਦੌੜਾ- ਦੌੜਾ ਆਪਣੇ ਪਾਪਾ ਕੋਲ ਆਇਆ, "ਪਾਪਾ ਜੀ! ਪਾਪਾ ਜੀ ! ਉਹ ਬੂਟੇ ਵੱਢ ਰਹੇ ਨੇ। ਉੱਥੇ ਪੰਛੀਆਂ ਦੇ ਆਲ੍ਹਣੇ....ਵਿੱਚ ਆਂਡੇ ਬੱਚੇ.... ਉਹ ਇੱਕੋ ਸਾਹੇ ਬੋਲੀ ਜਾ ਰਿਹਾ ਸੀ।"

ਪਾਪਾ ਨੇ ਉਸਨੂੰ ਆਪਣੇ ਕਲਾਵੇ ਵਿੱਚ ਲਿਆ ਤੇ ਪਿਆਰ ਨਾਲ ਪੁੱਛਿਆ, "ਬੇਟੇ ਸਾਹੋ ਸਾਹੀ ਕਿਉਂ ਹੋਇਆ ਪਿਐਂ।"

"ਉਹ ਬੱਚੇ ਬਚਾਓ। ਆਲ੍ਹਣੇ ਵੀ ਬਚਾਓ। ਅਸੀਂ ਉਹਨਾਂ ਨਾਲ਼ ਰੋਜ਼ ਖੇਡਦੇ ਹਾਂ। ਤਾਏ ਨੂੰ ਪੈਸੇ ਦੇ ਦਿਓ।"

" ਜਾਹ, ਜਾ ਕੇ ਤਾਏ ਨੂੰ ਆਖਦੇ ਕਿ ਜਿੰਨੇ ਪੈਸੇ ਦੀ ਲੋੜ ਹੈ ਮੇਰੇ ਪਾਪਾ ਤੋਂ ਲੈ ਲਓ ਤੇ ਇਹਨਾਂ

ਨੂੰ ਨਾ ਵੱਢੋ ਇਹਨਾਂ ਨੂੰ ਨਾ ਵੱਢੋ .....

ਬੱਚਿਆਂ ਦਾ ਰੌਲ਼ਾ ਸੁਣ ਕੇ ਟੋਇਆ ਪੁੱਟਣ ਵਾਲੇ ਸਾਰੇ ਜਣੇ ਰੁੱਕ ਗਏ। ਤਾਇਆ, "ਹਾਂ ਬਈ ਕੀ ਹੋ ਗਿਆ।" ਹੈਰੀ ਨੇ ਅੱਗੇ ਹੋ ਕੇ ਤਾਏ ਦੀ ਬਾਂਹ ਫੜੀ ਤੇ ਕਿਹਾ, "ਤਾਇਆ ਜੀ ਚਲੋ ਪਾਪਾ ਜੀ ਕੋਲੋਂ ਪੈਸੇ ਲੈ ਲਵੋ। ਤੇ ਇਹਨਾਂ ਨੂੰ ਨਾ ਵੱਢੋ। ਪਾਪਾ ਜੀ ਤੁਹਾਨੂੰ ਉਡੀਕ ਰਹੇ ਨੇ।"

"ਚਲੋ ਬਈ ਠੀਕ ਐ। ਆਪਾਂ ਨੂੰ ਤਾਂ ਪੈਸੇ ਹੀ ਚਾਹੀਦੇ ਨੇ। ਇਹ ਕੰਮ ਫਿਰ ਕਦੇ ਸਹੀ । ਜਾਓ ਬਈ ਮੁੰਡਿਓ ਆਪਾਂ ਨੀ ਇਹ ਰੁੱਖ ਵੱਢਣੇ।"

ਇਹ ਸ਼ਬਦ ਸੁਣ ਕੇ ਸਾਰੇ ਬੱਚਿਆਂ ਨੇ ਤਾੜੀਆਂ ਵਜਾਈਆਂ ਤੇ ਲੁੱਡੀਆਂ ਪਾਈਆਂ। ਕਹੀਆਂ ਤੇ ਕੁਹਾੜੀਆਂ ਲਈ ਵਾਪਿਸ ਜਾਂਦੇ ਆਦਮੀਆਂ ਨੂੰ ਦੇਖਕੇ ਪੰਛੀ ਵੀ ਸਮਝ ਗਏ ਸਨ ਕਿ ਹੁਣ ਇਹ ਰੁੱਖ ਨਹੀਂ ਵੱਢ ਹੋਵੇਗਾ। ਉਹ ਵੀ ਖੁਸ਼ੀ ਨਾਲ ਗੀਤ ਗਾਉਂਦੇ ਹੋਏ ਬੱਚਿਆਂ ਦਾ ਧੰਨਵਾਦ ਕ਼ਰਨ ਲੱਗੇ।

ਸਮੇਂ ਦੇ ਹਾਣੀ

''ਅੱਜ ਦਾ ਜਮਾਨਾ ਪਹਿਲੇ ਵਾਲ਼ਾ ਨਹੀਂ ਰਿਹਾ। ਪਹਿਲੇ ਲੋਕ ਸਾਦੇ ਕੱਪੜੇ ਪਾਉਂਦੇ ਅਤੇ ਸਧਾਰਣ ਖਾਣਾ ਖਾ ਕੇ ਰੱਬ ਦਾ ਸ਼ੁਕਰ ਕਰਦੇ ਸਨ। ਪਰ ਅੱਜ ਹਰ ਆਦਮੀ ਸਾਰਾ ਸੰਸਾਰ ਆਪਣੀ ਮੁੱਠੀ ਵਿੱਚ ਚੁੱਕੀ ਫਿਰ ਰਿਹੈ।'' ਸਕੂਲ ਵਿੱਚ ਵਿਸ਼ੇਸ਼ ਸੱਦੇ ਤੇ ਪੁੱਜੇ ਉੱਘੇ ਤਕਨੀਕੀ ਮਾਹਿਰ ਸੁਹੇਲ ਸਿੰਘ ਵਿਦਿਆਰਥੀਆਂ ਨੂੰ ਇਹ ਵਿਚਾਰ ਸਮਝਾ ਰਹੇ ਸਨ।

ਹੈਰੀ ਤੇ ਗੈਰੀ ਬੜੀ ਗੰਭੀਰ ਮੁਦਰਾ ਵਿੱਚ ਇਹ ਵਿਚਾਰ ਸੁਣ ਰਹੇ ਸਨ। ਸੁਣ ਤਾਂ ਬਾਕੀ ਬੱਚੇ ਵੀ ਰਹੇ ਸਨ ਪਰ ਉਹਨਾਂ ਦੇ ਪੱਲੇ ਕੁੱਝ ਨਹੀਂ ਸੀ ਪੈ ਰਿਹਾ। ਕਾਰਨ ਇਹ ਸੀ ਕਿ ਉਹਨਾਂ ਨੂੰ ਆਧੁਨਿਕ ਸਮੇਂ ਦੀਆਂ ਤਕਨੀਕਾਂ ਬਾਰੇ ਕੋਈ ਗਿਆਨ ਨਹੀਂ ਸੀ। ਹੈਰੀ ਤੇ ਗੈਰੀ ਦੇ ਮਾਤਾ-ਪਿਤਾ ਨੇ ਉਹਨਾਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਘਰ ਵਿੱਚ ਕੰਪਿਊਟਰ ਵੀ ਲੈ ਕੇ ਦਿੱਤਾ ਹੋਇਆ ਸੀ ਤੇ ਉਹਨਾਂ ਦੋਨਾਂ ਨੂੰ ਕੰਪਿਊਟਰ ਦੀਆਂ ਨਿੱਕੀਆਂ ਮੋਟੀਆਂ ਗੱਲਾਂ ਦਾ ਗਿਆਨ ਸੀ। ਜਿਸ ਕਰਕੇ ਉਹਨਾਂ ਨੂੰ ਸੁਹੇਲ ਸਿੰਘ ਦੀਆਂ ਗੱਲਾਂ ਦੀ ਸਮਝ ਵੀ ਆ ਰਹੀ ਸੀ।

ਮਾਹਿਰ ਨੇ ਅੱਗੇ ਗੱਲ ਤੋਰੀ : ''ਇਹ ਉਹ ਸਾਧਨ ਹੈ ਜਿਸ ਨਾਲ ਅਸੀਂ ਪੂਰੀ ਦੁਨੀਆ, ਧਰਤੀ, ਅਕਾਸ਼ ਅਤੇ ਉਹਨਾਂ ਗੱਲਾਂ ਦਾ ਗਿਆਨ ਹਾਸਿਲ ਕਰ ਸਕਦੇ ਹਾਂ ਜਿਹਨਾਂ ਦਾ ਕਦੀ ਕਿਆਸ ਵੀ ਨਹੀਂ ਕੀਤਾ ਜਾ ਸਕਦਾ। ਸੋ ਅਜੋਕੇ ਸਮੇਂ ਵਿੱਚ ਇਸ ਦੀ ਪੂਰੀ ਜਾਣਕਾਰੀ ਹੋਣੀ ਹਰ ਬੱਚੇ ਲਈ ਹੀ ਨਹੀਂ ਸਗੋਂ ਵੱਡੇ ਲਈ ਵੀ ਜ਼ਰੂਰੀ ਹੈ। ਨੈੱਟ ਦੇ ਜ਼ਰੀਏ ਅਸੀਂ ਘਰ ਬੈਠੇ ਮਨ ਚਾਹੇ ਲੋਕਾਂ ਨਾਲ ਸੰਪਰਕ, ਵਪਾਰ ਅਤੇ ਹੋਰ ਲੋੜੀਂਦੇ ਕਾਰੋਬਾਰ ਕਰ ਸਕਦੇ ਹਨ। ਅੱਜ ਅਸੀਂ ਇਸ ਰਾਹੀਂ ਇੱਕ ਮਿੰਟ ਵਿੱਚ ਲੋੜ

ਵਾਲੀ ਥਾਂ ਤੇ ਲੋੜੀਂਦੀ ਰਕਮ ਅਤੇ ਸੁਨੇਹੇ ਪੁੱਜਦੇ ਕਰ ਸਕਦੇ ਹਾਂ। ਇਹ ਅੱਜ ਦੇ ਸਮੇਂ ਵਿੱਚ ਸਭ ਤੋਂ ਸਸਤਾ ਅਤੇ ਭਰੋਸੇਯੋਗ ਸਾਧਨ ਹੈ।''

''ਹੈਰੀ ਤੇ ਗੈਰੀ ਨੂੰ ਇਹ ਸਭ ਗੱਲਾਂ ਬੜੀਆਂ ਚੰਗੀਆਂ ਲੱਗੀਆਂ। ਉਹ ਘਰ ਪੁੱਜ ਕੇ ਇਹਨਾਂ ਗੱਲਾਂ ਬਾਰੇ ਆਪਣੇ ਪਿਤਾ ਜੀ ਨਾਲ਼ ਵੀ ਵਿਚਾਰ ਕਰਨ ਲੱਗੇ। ਹੈਰੀ ਨੇ ਆਪਣੇ ਪਿਤਾ ਜੀ ਨੂੰ ਕਿਹਾ, ''ਪਾਪਾ ਜੀ ਇਹ ਨੈੱਟ ਨਾਲ ਅਸੀਂ ਪੂਰੀ ਦੁਨੀਆ ਨਾਲ ਕਿਵੇਂ ਜੁੜ ਸਕਦੇ ਹਾਂ?''

''ਬੇਟੇ ਇਹ ਤਾਂ ਬੜੀ ਸੁਖਾਲੀ ਗੱਲ ਹੈ। ਆਹ ਮੋਬਾਈਲ ਫੋਨ ਸਾਨੂੰ ਸਾਰੀ ਦੁਨੀਆ ਨਾਲ਼ ਜੋੜਦਾ ਹੈ। ਤੂੰ ਆਪਣੇ ਮਾਮੇ ਨਾਲ, ਭੂਆ ਨਾਲ, ਅਮਰੀਕਾ, ਇੰਗਲੈਂਡ, ਦਿੱਲੀ ਵਿੱਚ ਗੱਲਾਂ ਤਾਂ ਕਰਦਾ ਰਹਿਨੈ। ਬਸ ਇਹੀ ਦੁਨੀਆਂ ਨਾਲ ਜੁੜਨ ਦਾ ਤਰੀਕਾ ਹੈ।''

''ਪਰ ਉਹ ਤਕਨੀਕੀ ਮਾਹਿਰ ਤਾਂ ਨੈੱਟ ਦੀ ਗੱਲ ਕਰ ਰਹੇ ਸਨ। ਆਖਦੇ ਸਨ ਤੁਸੀਂ ਇਸ ਨਾਲ ਗਿਆਨ ਦੀਆਂ ਉਹ ਗੱਲਾਂ ਸਿੱਖ ਸਕਦੇ ਹੋ ਜਿਨ੍ਹਾਂ ਦਾ ਕਦੀ ਕਿਆਸ ਨਹੀਂ ਕੀਤਾ ਹੁੰਦਾ।''

''ਉਹ ਸੱਚ ਆਖਦੇ ਨੇ। ਨੈੱਟ ਦੇ ਰਾਹੀਂ ਅਸੀਂ ਜਿਹੜੇ ਮਰਜੀ ਵਿਸ਼ੇ ਤੇ ਜਾਣਕਾਰੀ ਦਾ ਭੰਡਾਰ ਹਾਸਿਲ ਕਰ ਸਕਦੇ ਹਾਂ। ਦੁਨੀਆ ਦੀ ਕਿਸੇ ਲਾਇਬ੍ਰੇਰੀ ਦੀਆਂ ਪੁਸਤਕਾਂ, ਅਖਬਾਰਾਂ, ਰਸਾਲੇ ਤੇ ਹੋਰ ਵਿਰਾਸਤੀ ਗਿਆਨ ਅਸੀਂ ਆਪਣੀ ਲੋੜ ਅਨੁਸਾਰ ਲੱਭ ਸਕਦੇ ਹਾਂ।''

''ਵਾਹ ! ਪਾਪਾ ਜੀ ਇਹ ਤਾਂ ਕਮਾਲ ਹੋ ਗਿਐ। ਮੈਂ ਇਸ ਬਾਰੇ ਆਪਣੇ ਦੋਸਤਾਂ ਨੂੰ ਵੀ ਦੱਸਾਂਗਾ।''

''ਪਰ ਬੇਟੇ ਇਸਦੇ ਮਾੜੇ ਪਹਿਲੂ ਵੀ ਨੇ।''

''ਹੈਂਅ! ਮਾੜੇ ਪਹਿਲੂ। ਇਹ ਕਿਵੇਂ ਹੋ ਸਕਦੈ? ਜਿਸ ਵਿੱਚ ਦੁਨੀਆ ਦਾ ਗਿਆਨ ਹੋਵੇ ਤੇ



ਉਸਦਾ ਮਾੜਾ ਪਹਿਲੂ ਵੀ ਹੋਵੇ।''

''ਹਾਂ ਬੇਟੇ ਇਹ ਸਾਰਾ ਸੰਸਾਰ ਚੰਗੇ ਮਾੜੇ ਇਨਸਾਨਾਂ ਨਾਲ ਭਰਿਆ ਪਿਆ ਹੈ। ਇਸੇ ਤਰ੍ਹਾਂ ਹਰ ਤਕਨੀਕ ਅਤੇ ਯੰਤਰ ਦੇ ਲਾਭਾਂ ਨਾਲ ਉਸਦੀਆਂ ਹਾਨੀਆਂ ਵੀ ਹੁੰਦੀਆਂ ਨੇ। ਪਰ ਇਹ ਸਾਰਾ ਕੁੱਝ ਤੁਹਾਡੀ ਸੋਚ ਅਤੇ ਵਰਤੋਂ ਤੇ ਨਿਰਭਰ ਕਰਦਾ ਹੈ। ਜਿਹੜੇ ਬੱਚੇ ਇਕਾਗਰ ਚਿੱਤ ਹੋ ਕੇ ਪੜ੍ਹਾਈ ਕਰਦੇ ਹਨ ਉਹ ਇਸਦਾ ਲਾਭ ਲੈ ਲੈਂਦੇ ਹਨ ਤੇ ਜਿਹੜੇ ਇਸ ਤੇ ਗੰਦੀਆਂ ਤਸਵੀਰਾਂ ਦੇਖਣ ਲੱਗ ਪੈਂਦੇ ਹਨ ਉਹ ਆਪਣੀ ਕੀਤੀ ਕਰਾਈ ਮਿਹਨਤ ਵੀ ਰੋੜ੍ਹ ਬੈਠਦੇ ਹਨ।''

ਹੈਰੀ ਦੀ ਰੁਚੀ ਨੂੰ ਵੇਖਦਿਆਂ ਉਸਦੇ ਪਿਤਾ ਨੇ ਉਸਨੂੰ ਨੈੱਟ ਦਾ ਕੁਨੈਕਸ਼ਨ ਲੈ ਦਿੱਤਾ। ਤੇ ਉਹ ਆਏ ਦਿਨ ਵੱਖ ਵੱਖ ਵਿਸ਼ਿਆਂ ਤੇ ਖੋਜ ਕਰਕੇ ਨਵੀਂਆਂ ਤੇ ਨਰੋਈਆਂ ਗੱਲਾਂ ਲੱਭਦਾ ਅਤੇ ਆਪਣੀ ਕਾਪੀ ਤੇ ਲਿਖਦਾ ਰਹਿੰਦਾ। ਦੂਜੇ ਬੰਨੇ ਉਸਦਾ ਦੋਸਤ ਗੈਰੀ ਉਹ ਸਾਈਟਾਂ ਖੋਲ੍ਹੀ ਰੱਖਦਾ ਜਿੱਥੇ ਸਾਰੀ ਦੁਨੀਆ ਦਾ ਗੰਦ-ਮੰਦ ਭਰਿਆ ਹੋਇਆ ਸੀ। ਨਾਲ਼ ਗੇਮਾਂ ਖੇਡਦਾ ਰਹਿੰਦਾ। ਬਹੁਤਾ ਸਮਾਂ ਨੈੱਟ 'ਤੇ ਹੀ ਰਹਿੰਦਾ। ਪੜ੍ਹਨਾ ਲਿਖਣਾ ਤਾਂ ਜਿਵੇਂ ਉਸਨੂੰ ਭੁੱਲ ਹੀ ਗਿਆ ਸੀ। ਮਾਪੇ ਆਪਣੀ ਥਾਂ ਪਰੇਸ਼ਾਨ ਸਨ। ਅਧਿਆਪਕ ਉਸਦੀ ਪ੍ਰਗਤੀ ਨਾ ਹੋਣ ਕਰਕੇ ਰੋਜ਼ ਪੁੱਛ ਗਿੱਛ ਕਰਦੇ ਸਨ।

ਜਦੋਂ ਸਲਾਨਾ ਪ੍ਰੀਖਿਆ ਹੋਈ ਤਾਂ ਹੈਰੀ ਨੇ ਆਪਣੇ ਪ੍ਰਸ਼ਨਾਂ ਦੇ ਉੱਤਰਾਂ ਵਿੱਚ ਉਹ ਗੱਲਾਂ ਲਿਖੀਆਂ ਜਿਹੜੀਆਂ ਪੁਸਤਕਾਂ ਵਿੱਚ ਦਰਜ ਹੀ ਨਹੀਂ ਸਨ। ਜਿਸ ਨੂੰ ਪੜ੍ਹਕੇ ਅਧਿਆਪਕਾਂ ਨੂੰ ਹੈਰਾਨੀ ਹੋਈ। ਉਹਨਾਂ ਨੇ ਜਦੋਂ ਉਸਨੂੰ ਪੁੱਛਿਆ ਤਾਂ ਹੈਰੀ ਨੇ ਜੁਆਬ ਦਿੱਤਾ, ''ਸਰ ਇਹ ਤਾਂ ਨੈੱਟ ਦਾ ਕਮਾਲ ਹੈ। ਜਿਹੜੇ ਸਰ ਤੁਸੀਂ ਸਕੂਲ ਵਿੱਚ ਭਾਸ਼ਣ ਲਈ ਬੁਲਾਏ ਸਨ। ਉਹਨਾਂ ਦੁਆਰਾ ਦਿੱਤੀ ਮੱਤ 'ਤੇ ਅਮਲ ਕੀਤਾ ਤਾਂ ਗਿਆਨ ਦਾ ਭੰਡਾਰ ਲੱਭ ਲਿਆ।''

ਅੱਜ ਨਤੀਜੇ ਦੇ ਐਲਾਨ ਮੌਕੇ ਗੈਰੀ ਨੂੰ ਡੀ ਗਰੇਡ ਮਿਲਿਆ ਜਦ ਕਿ ਪ੍ਰਿੰਸੀਪਲ ਵਿਜੇ ਕੁਮਾਰ ਨੇ ਹੈਰੀ ਨੂੰ ਸ਼ਾਬਾਸ਼ ਦਿੰਦਿਆਂ ਸਕੂਲ ਦਾ ਸਰਵੋਤਮ ਵਿਦਿਆਰਥੀ ਦਾ ਇਨਾਮ ਦਿੱਤਾ। ਇਹ ਸਾਰਾ ਕੁਝ ਸੁਣ ਕੇ ਗੈਰੀ ਦੇ ਤਾਂ ਹੋਸ਼ ਹੀ ਉੱਡ ਗਏ। ਉਸਨੇ ਆਪਣੇ ਪਾਪਾ ਨਾਲ ਜਮਾਤ ਵਿੱਚੋਂ ਫਸਟ ਆਉਣ ਦਾ ਵਾਇਦਾ ਕੀਤਾ ਹੋਇਆ ਸੀ। ਇਸੇ ਕਰਕੇ ਉਹਨਾਂ ਨੇ ਉਸਨੂੰ ਨੈੱਟ ਦੀ ਵਰਤੋਂ ਕਰਨ ਦੀ ਆਗਿਆ ਦਿੱਤੀ ਹੋਈ ਸੀ।

ਆਪਣੇ ਘਰ ਪਹੁੰਚ ਕੇ ਸਭ ਤੋਂ ਪਹਿਲਾਂ ਉਸਨੇ ਆਪਣੇ ਪਾਪਾ ਤੋਂ ਖਿਮਾ ਮੰਗੀ ਅਤੇ ਹੈਰੀ ਵਾਂਗ ਨੈੱਟ ਤੋਂ ਗਿਆਨ ਹਾਸਿਲ ਕਰਨ ਦਾ ਵਾਇਦਾ ਕੀਤਾ। ਬੱਸ ਹੁਣ ਦੋਨੋਂ ਦੋਸਤ ਸਾਰੀ ਜਮਾਤ ਤੋਂ ਅੱਗੇ ਚੱਲ ਰਹੇ ਸਨ। ਇਹ ਕਰਾਮਾਤ ਸੀ ਸਮੇਂ ਦੇ ਹਾਣੀ ਬਣਕੇ ਸਹੀ ਗਿਆਨ ਹਾਸਿਲ ਕਰਨ ਦੀ।


ਉੱਚਾ ਬੋਲ ਨਾ ਬੋਲੀਏ

ਆਦਮੀ ਦੀ ਭੁੱਖ ਜੰਗਲਾਂ ਨੂੰ ਮੁਕਾਈ ਜਾ ਰਹੀ ਹੈ। ਸਾਡੇ ਲਈ ਰੈਣ ਬਸੇਰਾ ਕਰਨਾ ਆਏ ਦਿਨ ਮੁਸ਼ਕਿਲ ਹੁੰਦਾ ਜਾ ਰਿਹਾ ਹੈ। ਇਹਨਾਂ ਆਦਮੀਆਂ ਨੂੰ ਕਿਵੇਂ ਸਮਝਾਈਏ ਕਿ ਇਹਨਾਂ ਜੰਗਲਾਂ ਬਗੈਰ ਅਸੀਂ ਖਤਮ ਹੋਈ ਜਾ ਰਹੇ ਹਾਂ। ਉਸੇ ਤਰ੍ਹਾਂ ਇਸ ਧਰਤੀ ਤੋਂ ਮਨੁੱਖ ਜਾਤੀ ਵੀ ਖਤਮ ਹੋ ਜਾਵੇਗੀ। ਜੰਗਲ ਦੇ ਜਾਨਵਰ ਇੱਕ ਥਾਂ ਬੈਠੇ ਗੰਭੀਰ ਹੋਏ ਗੱਲਾਂ ਕਰ ਰਹੇ ਸਨ। ਜਿੱਥੇ ਉਹਨਾਂ ਨੂੰ ਦਰਖਤਾਂ ਦੀ ਕਟਾਈ ਦੀ ਟਕ ਟਕ ਸਾਫ਼ ਸੁਣਾਈ ਦਿੰਦੀ ਸੀ।

ਹੁਣ ਉਹਨਾਂ ਨੂੰ ਚਿੰਤਾ ਖਾਈ ਜਾ ਰਹੀ ਸੀ ਕਿ ਛੇਤੀ ਹੀ ਉਹਨਾਂ ਦੇ ਜੰਗਲ ਦੀ ਵਾਰੀ ਆ ਜਾਣੀ ਹੈ। ਉਹ ਕਿੱਥੇ ਜਾਣਗੇ। ਇੱਕ ਖਰਗੋਸ਼ ਆਪਣੇ ਬੱਚਿਆਂ ਨੂੰ ਪਲੋਸਦਾ ਹੋਇਆ ਅੱਥਰੂ ਵਹਾਅ ਰਿਹਾ ਸੀ। ਦੂਜੇ ਪਾਸੇ ਡਰ ਦੇ ਮਾਰੇ ਗਿੱਦੜ ਵੀ ਇੱਕ ਝਾੜੀ ਨਾਲ਼ ਲੱਗ ਕੇ ਚਿੰਤਾ ਦੇ ਸਾਗਰ ਵਿੱਚ ਡੁੱਬਿਆ ਹੋਇਆ ਸੀ। ਅਜਿਹੇ ਹੋਰ ਕਈ ਜਾਨਵਰ ਵੀ ਭੈਭੀਤ ਹੋਏ ਬੈਠੇ ਸਨ।

ਨਿੱਕੇ ਜੰਗਲ ਵਿੱਚ ਇੱਕ ਛੱਪੜ ਸੀ ਜਿਸ ਵਿੱਚ ਮੱਛੀਆਂ ਡੱਡੂ ਅਤੇ ਹੋਰ ਪਾਣੀ ਵਾਲੇ ਜਾਨਵਰ ਰਹਿੰਦੇ ਸਨ। ਹਲਕੀ ਜਿਹੀ ਵਰਖਾ ਆਈ। ਡੱਡੂਆਂ ਨੇ ਟਰੈਂ ਟਰੈਂ ਨਾਲ ਸਾਰਾ ਜੰਗਲ ਸਿਰ ਤੇ ਚੁੱਕ ਲਿਆ। ਇੱਕ ਸਿਆਣੇ ਡੱਡੂ ਨੇ ਸਮਝਾਇਆ : ਬਈ ਸਾਨੂੰ ਉੱਚੀ ਨਹੀਂ ਬੋਲਣਾ ਚਾਹੀਦਾ । ਜੇ ਗੱਲਬਾਤ ਕਰਨੀ ਹੈ ਤਾਂ ਸਾਨੂੰ ਆਪਸ ਵਿੱਚ ਹੀ ਸੁਣਾਈ ਦੇਣੀ ਚਾਹੀਦੀ ਹੈ। ਕਿਸੇ ਨੂੰ ਇਸਦਾ ਪਤਾ ਨਹੀਂ ਲੱਗਣਾ ਚਾਹੀਦਾ। ਤੇ ਨਾ ਹੀ ਰੌਲ਼ਾ ਪਾ ਕੇ ਕਿਸੇ ਤੰਗੀ ਦੇਣੀ ਚਾਹੀਦੀ ਹੈ।''

''ਆਇਆ ਵੱਡਾ ਸਿਆਣਾ ਕਿਸੇ ਨੂੰ ਤੰਗੀ ਨੀ ਦੇਣੀ ਚਾਹੀਦੀ । ਕੀ ਅਸੀਂ ਖ਼ੁਸ਼ੀ ਵੀ ਨਹੀਂ



ਮਨਾ ਸਕਦੇ। ਮੈਂ ਇਸ ਛੱਪੜ ਦਾ ਰਾਜਾ ਹਾਂ। ਜੋ ਮਰਜੀ ਕਰਾਂ ਜਿਵੇਂ ਮਰਜੀ ਕਰਾਂ, ਤੈਨੂੰ ਕੀ।'' ਹੰਕਾਰ ਦੇ ਮਾਰੇ ਇੱਕ ਨੌਜਵਾਨ ਡੱਡੂ ਨੇ ਆਪਣੇ ਵੱਡੇ ਦਾ ਸਤਿਕਾਰ ਭੁੱਲ ਕੇ ਜੋ ਮੂੰਹ ਵਿੱਚ ਆਇਆ ਉਹ ਬੋਲ ਦਿੱਤਾ।

''ਦੇਖ ਬੇਟੇ ਸਿਆਣਾ ਹੋਣ ਕਰਕੇ ਮੇਰੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਨਵੀਂ ਪਨੀਰੀ ਨੂੰ ਚੰਗੀ ਗੱਲ ਸਮਝਾਵਾਂ। ਜੇਕਰ ਤੁਸੀਂ ਇਹ ਗੱਲ ਨਹੀਂ ਸਮਝਣੀ ਤਾਂ ਆਪਣਾ ਭਲਾ ਬੁਰਾ ਆਪ ਵਿਚਾਰੋ।'' ਉਹ ਪਾਣੀ ਵਿੱਚ ਟਪੂਸੀ ਮਾਰ ਗਿਆ।

ਉਹ ਨੌਜਵਾਨ ਡੱਡੂ ਛੜੱਪੇ ਮਾਰਦਾ ਤੇ ਰੌਲਾ ਪਾਉਂਦਾ ਆਪਣੇ ਸਾਥੀਆਂ ਨਾਲ ਹੋਰ ਉੱਚੀ - ਉੱਚੀ ਟਰੈਂ- ਟਰੈਂ ਕਰਨ ਲੱਗ ਪਿਆ।

ਇਹ ਅਵਾਜ਼ ਜਦ ਬਗਲੇ ਦੇ ਕੰਨੀ ਪਈ ਤਾਂ ਉਸਨੇ ਸਿੱਧੀ ਛੱਪੜ ਵੱਲ ਨੂੰ ਉਡਾਰੀ ਮਾਰ ਲਈ। ਉਹ ਭੰਗੜਾ ਪਾਉਂਦੇ ਡੱਡੂਆਂ ਨੂੰ ਦੇਖ ਕੇ ਬਹੁਤ ਖੁਸ਼ ਹੋਇਆ। ਮੋਟੇ ਤਾਜੇ ਡੱਡੂ ਦੇਖ ਕੇ ਉਸਦੇ ਮੂੰਹ ਵਿੱਚ ਪਾਣੀ ਆ ਗਿਆ। ਉਸਨੇ ਸਭ ਤੋਂ ਪਹਿਲਾਂ ਜ਼ਿਆਦਾ ਰੌਲ਼ਾ ਪਾਉਣ ਵਾਲੇ ਡੱਡੂ ਨੂੰ ਝਪਟ ਲਿਆ। ਜਿਸਨੇ ਆਪਣੇ ਸਿਆਣੇ ਬਜ਼ੁਰਗ ਦੀ ਗੱਲ ਨਹੀਂ ਮੰਨੀ ਸੀ।

ਉਸ ਗੱਭਰੂ ਡੱਡੂ ਦੇ ਸਾਥੀ ਸੋਗ ਵਿੱਚ ਡੁੱਬ ਗਏ ਅਤੇ ਉਸਦਾ ਮਾਤਮ ਮਨਾਉਣ ਲੱਗੇ। ਉਸਦੇ ਸਾਥੀ ਵੀ ਸਿਆਣੇ ਦੀ ਗੱਲ ਫਿਰ ਭੁੱਲ ਗਏ ਕਿ ਸਾਨੂੰ ਕੋਈ ਅਜਿਹਾ ਕੰਮ ਨਹੀਂ ਕਰਨਾ ਚਾਹੀਦਾ ਜਿਸ ਨਾਲ ਸਾਡੇ ਆਲ਼ੇ - ਦੁਆਲ਼ੇ ਦੇ ਵਾਸੀਆਂ ਨੂੰ ਨੂੰ ਕੋਈ ਪਰੇਸ਼ਾਨੀ ਹੋਵੇ । ਉੱਚੀ ਉੱਚੀ ਰੋਣ ਦੀ ਅਵਾਜ਼ ਨੇ ਇਕ ਵਾਰ ਫਿਰ ਸਾਰਾ ਜੰਗਲ ਸਿਰ ਤੇ ਚੁੱਕ ਲਿਆ।

ਇਸ ਛੱਪੜ ਵਿੱਚ ਮੱਛੀਆਂ ਦੀ ਗਿਣਤੀ ਵੀ ਬਹੁਤ ਜ਼ਿਆਦਾ ਸੀ। ਜੰਗਲ ਦੇ ਵਿਚਕਾਰ ਹੋਣ

ਕਰਕੇ ਇਥੇ ਕੋਈ ਸ਼ਿਕਾਰੀ ਵੀ ਨਹੀਂ ਸੀ ਆਇਆ।

ਡੱਡੂਆਂ ਦੇ ਚੀਕ ਚਿਹਾੜੇ ਨੇ ਜੰਗਲ ਵਿੱਚ ਫਿਰਦੇ ਸ਼ਿਕਾਰੀਆਂ ਨੂੰ ਇਸ ਗੱਲ ਦਾ ਵੀ ਪਤਾ ਲਾ ਦਿੱਤਾ ਕਿ ਇੱਥੇ ਕੋਈ ਛੱਪੜ ਵੀ ਹੈ। ਜਦੋਂ ਉਹ ਉੱਥੇ ਪੁੱਜੇ ਤਾਂ ਉਹਨਾਂ ਨੇ ਦੇਖਿਆ ਕਿ ਪਾਣੀ ਨਾਲ਼ ਭਰੇ ਇਸ ਛੱਪੜ ਵਿੱਚ ਮੱਛੀਆਂ ਦਾ ਅਥਾਹ ਭੰਡਾਰ ਹੋਵੇਗਾ। ਉਹਨਾਂ ਨੇ ਆਪਣਾ ਮੱਛੀਆਂ ਫੜ੍ਹਨ ਵਾਲਾ ਜਾਲ਼ ਛੱਪੜ ਵਿੱਚ ਸੁੱਟ ਦਿੱਤਾ।

ਜਦੋਂ ਉਹਨਾਂ ਨੇ ਕੁਝ ਸਮੇਂ ਬਾਅਦ ਜਾਲ਼ ਬਾਹਰ ਕੱਢਿਆ ਤਾਂ ਮੱਛੀਆਂ ਦੇ ਨਾਲ਼ ਨਾਲ਼ ਕੁੱਝ ਡੱਡੂ ਵੀ ਜਾਲ਼ ਵਿੱਚ ਫਸ ਕੇ ਬਾਹਰ ਆ ਗਏ ਸਨ। ਸ਼ਿਕਾਰੀਆਂ ਨੇ ਮੱਛੀਆਂ ਤਾਂ ਜਾਲ਼ ਵਿੱਚੋਂ ਕੱਢ ਕੇ ਆਪਣੇ ਬੋਰੇ ਵਿੱਚ ਪਾ ਲਈਆਂ ਪਰ ਜਦੋਂ ਡੱਡੂ ਫਿਰ ਛੱਪੜ ਵਿੱਚ ਛਲਾਂਗ ਲਗਾਉਣ ਲੱਗੇ ਤਾਂ ਬਗਲਿਆਂ ਨੇ ਉਹਨਾਂ ਵਿੱਚੋਂ ਇੱਕ ਨੂੰ ਵੀ ਪਾਣੀ ਵਿੱਚ ਛਾਲ਼ ਨਾ ਮਾਰਨ ਦਿੱਤੀ।


ਆਲਸੀ ਰਾਜਾ

ਜੰਗਲ ਵਿੱਚ ਸਾਰੇ ਜਾਨਵਰ ਬੜੀ ਖੁਸ਼ੀ ਨਾਲ ਜੀਵਨ ਗੁਜ਼ਾਰ ਰਹੇ ਸਨ। ਜੰਗਲ ਦਾ ਰਾਜਾ ਅਜੇ ਨਵਾਂ ਹੀ ਬਣਿਆ ਸੀ। ਉਸਨੇ ਜੰਗਲ ਵਾਸੀਆਂ ਨਾਲ ਚੋਣਾਂ ਵਿੱਚ ਢੇਰ ਸਾਰੇ ਵਾਅਦੇ ਕੀਤੇ ਸਨ। ਉਹ ਹਰ ਚੋਣ ਜਲਸੇ ਵਿੱਚ ਆਖਦਾ, ''ਜੰਗਲ ਵਾਸੀਓ ਤੁਸੀਂ ਮੇਰੇ 'ਤੇ ਵਿਸ਼ਵਾਸ਼ ਰੱਖੋ ਮੈਂ ਤੁਹਾਨੂੰ ਹਰ ਤਰ੍ਹਾਂ ਦੀ ਸੁੱਖ ਸਹੂਲਤ ਪ੍ਰਦਾਨ ਕਰਾਂਗਾ। ਤੁਹਾਡੀ ਸੁਰੱਖਿਆ ਅਤੇ ਸੇਵਾ ਕਰਨਾ ਮੇਰਾ ਮੁੱਖ ਧਰਮ ਹੈ।''

ਇਹਨਾਂ ਗੱਲਾਂ 'ਤੇ ਸ਼ੇਰ ਰਾਜੇ ਨੇ ਥੋੜ੍ਹਾ ਚਿਰ ਅਮਲ ਕੀਤਾ। ਬਾਅਦ ਵਿੱਚ ਉਸਨੇ ਸਤ੍ਹਾ ਦਾ ਇੰਨਾ ਨਸ਼ਾ ਹੋਇਆ ਕਿ ਉਹ ਆਪਣੀਆਂ ਸਾਰੀਆਂ ਜ਼ਿੰਮੇਵਾਰੀਆਂ ਭੁੱਲ ਕੇ ਮੌਜ ਮਸਤੀ ਮਨਾਉਣ ਲਗ ਪਿਆ। ਸਾਰਾ ਸਾਰਾ ਦਿਨ ਟੀ.ਵੀ. ਤੇ ਕ੍ਰਿਕਟ ਮੈਚ ਦੇਖਦਾ ਰਹਿੰਦਾ । ਜੰਗਲ ਵਾਸੀ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਵਿੱਚ ਫਸਦੇ ਜਾ ਰਹੇ ਸਨ। ਖਰਗੋਸ਼ਾਂ ਨੇ ਰਾਜੇ ਅੱਗੇ ਫਰਿਆਦ ਕੀਤੀ ਕਿ ਮਹਾਰਾਜ ਕਿਸਾਨ ਦੀ ਫਸਲ ਖਾਣ ਨਾਲ਼ ਅਸੀਂ ਤਕੜੇ ਹੋਣ ਦੀ ਬਜਾਏ ਬਿਮਾਰ ਹੋ ਰਹੇ ਹਾਂ। ਕਈ ਸਾਡੇ ਨਿੱਕੜੇ ਬੱਚੇ ਤਾਂ ਇਹਨਾਂ ਫਸਲਾਂ ਨੂੰ ਖਾਣ ਸਾਰ ਹੀ ਉਲਟੀਆਂ ਟੱਟੀਆਂ ਦੇ ਸ਼ਿਕਾਰ ਹੋ ਜਾਂਦੇ ਹਨ। ਮਹਾਰਾਜ ਸਾਡੀ ਰੱਖਿਆ ਕਰੋ। ਨਹੀਂ ਤਾਂ ਅਸੀਂ ਬਿਮਾਰ ਪੈ ਕੇ ਕਮਜੋਰ ਹੋ ਜਾਵਾਂਗੇ। ਕਮਜੋਰ ਕੌਮ ਕਦੇ ਜਿਉਂਦੀ ਨਹੀਂ ਰਹਿ ਸਕਦੀ। ਜੇਕਰ ਤੁਸੀਂ ਇਸ ਮਾਮਲੇ ਦਾ ਕੋਈ ਹੱਲ ਨਹੀਂ ਕੱਢਿਆ ਤਾਂ ਸਾਡਾ ਕੀ ਬਣੇਗਾ !

ਸ਼ੇਰ ਗਰਜਿਆ, ''ਤੁਸੀਂ ਮੈਨੂੰ ਕਿਉਂ ਦੁਖੀ ਕਰ ਰਹੇ ਹੋ। ਕੀ ਹੋਇਆ ਜੇ ਚਾਰ ਖਰਗੋਸ਼ ਮਰ ਵੀ ਗਏ। ਕਿਤੇ ਕਾਲ ਪੈ ਜਾਵੇਗਾ। ਜਾਓ ਦੌੜ ਜਾਓ। ਮੈਨੂੰ ਕ੍ਰਿਕਟ ਦਾ ਆਨੰਦ ਲੈਣ ਦਿਓ।'' ਸ਼ੇਰ ਆਪਣੀ ਮਸਤੀ ਵਿੱਚ ਫਿਰ ਕ੍ਰਿਕਟ ਦੇ ਚੌਕੇ ਛੱਕੇ ਦੇਖਣ ਲੱਗ ਪਿਆ। ਉਹ ਇੰਨਾ ਆਲਸੀ ਹੋ ਗਿਆ ਕਿ ਉਸਨੇ ਆਪਣਾ ਦਰਬਾਰ ਲਾਉਣਾ ਵੀ ਛੱਡ ਦਿੱਤਾ।

ਇਕ ਦਿਨ ਸ਼ੇਰ ਦੀ ਪਤਨੀ ਸ਼ੇਰਨੀ ਕਹਿੰਦੀ ਮਹਾਰਾਜ ਸਾਨੂੰ ਜੰਗਲ ਵਾਸੀਆਂ ਦੇ ਦੁੱਖ ਸੁੱਖ ਵਿੱਚ ਸ਼ਾਮਿਲ ਹੋਣਾ ਚਾਹੀਦਾ ਹੈ। ਕਿਉਂਕਿ ਅਸੀਂ ਉਹਨਾਂ ਨਾਲ ਹੀ ਇਸ ਜੰਗਲ ਦੇ ਰਾਜੇ ਹਾਂ। ਜੇ ਉਹ ਨਹੀਂ ਹੋਣਗੇ ਤਾਂ ਅਸੀਂ ਰਾਜ ਕਿਸ 'ਤੇ ਕਰਾਂਗੇ।



ਤੂੰ ਆਪਣੀ ਸਿਆਣਪ ਆਪਣੇ ਕੋਲ ਹੀ ਰੱਖ, ਮੈਨੂੰ ਐਸ਼ ਕਰਨ ਦੇ। ਤੂੰ ਇੱਕ ਜਾਮ ਦਾ ਗਿਲਾਸ ਫੜਾ। ਜਰਾ ਸਰੂਰ ਆ ਜਾਵੇਗਾ। ਸ਼ੇਰ ਆਪਣੀ ਗੁਫਾ ਵਿੱਚ ਬੈਠਾ ਕ੍ਰਿਕਟ ਦੇਖਦਾ ਰਹਿੰਦਾ ਅਤੇ ਜਾਮ ਛਲਕਾਉਂਦਾ ਰਹਿੰਦਾ। ਬਾਹਰ ਸ਼ਿਕਾਰੀਆਂ ਨੇ ਹੱਲਾ ਬੋਲ ਕਈ ਜਾਨਵਰਾਂ ਨੂੰ ਮਾਰ ਕੇ ਜੰਗਲ ਸਾਫ਼ ਕਰ ਦਿੱਤਾ। ਸ਼ਿਕਾਰੀਆਂ ਨੂੰ ਸਿਰਫ਼ ਸ਼ੇਰ ਦਾ ਹੀ ਡਰ ਸੀ। ਉਹ ਉਸਦੇ ਆਲਸੀ ਹੋਣ ਕਰਕੇ ਉਹਨਾਂ ਦੇ ਦਿਲ ਵਿੱਚੋਂ ਚਲਾ ਗਿਆ।

ਕੋਈ ਕੰਮ ਨਾ ਕਰਦਾ ਹੋਣ ਕਰਕੇ ਅਤੇ ਟੀ.ਵੀ. ਦੇ ਮੂਹਰੇ ਵਿਹਲੇ ਬੈਠੇ ਹੋਣ ਕਰਕੇ ਸ਼ੇਰ ਦੀ ਸਿਹਤ ਕਮਜ਼ੋਰ ਹੋ ਗਈ। ਉਹ ਸਹਿਜੇ ਸਹਿਜੇ ਬਿਮਾਰ ਪੈ ਗਿਆ। ਜੰਗਲ ਵਿੱਚ ਤਾਂ ਹੁਣ ਉਸਦੀ ਸੇਵਾ ਲਈ ਵੀ ਕੋਈ ਨਹੀਂ ਰਿਹਾ। ਜਿਹੜੇ ਥੋੜ੍ਹੇ ਬਹੁਤੇ ਬਚੇ ਸਨ ਉਹ ਵੀ ਆਪੋ ਆਪਣੀ ਜਾਨ ਬਚਾਉਣ ਲਈ ਨਾਲ਼ ਦੇ ਜੰਗਲਾਂ ਵੱਲ ਨੂੰ ਚਲੇ ਗਏ।

ਜੰਗਲ ਦੀ ਸਫ਼ਾਈ ਹੋਣ ਕਰਕੇ ਸ਼ੇਰ ਦੀ ਗੁਫਾ ਹੁਣ ਪੱਧਰੇ ਥਾਂ 'ਤੇ ਆ ਗਈ ਸੀ। ਹੁਣ ਸ਼ੇਰਨੀ ਉਸਨੂੰ ਭੱਜਣ ਦੀ ਸਲਾਹ ਦੇ ਰਹੀ ਸੀ। ਉਹ ਹੁਣ ਭੱਜ ਕੇ ਜਾਣ ਵੀ ਤਾਂ ਕਿੱਧਰ ਨੂੰ। ਅਜੇ ਉਹ ਭੱਜਣ ਦੀ ਤਿਆਰੀ ਕਰ ਹੀ ਰਹੇ ਸਨ ਕਿ ਜੀਵ ਸੁਰੱਖਿਆ ਵਿਭਾਗ ਦੇ ਕਰਮਚਾਰੀਆਂ ਨੇ ਸ਼ੇਰ ਅਤੇ ਸ਼ੇਰਨੀ ਨੂੰ ਪਿੰਜਰੇ ਵਿੱਚ ਕੈਦ ਕਰ ਲਿਆ। ਹੁਣ ਜੰਗਲ ਦਾ ਰਾਜਾ ਪਿੰਜਰੇ ਵਿੱਚ ਕੈਦੀ ਸੀ। ਹੁਣ ਉਹ ਪਛਤਾ ਰਿਹਾ ਸੀ ਕਿ ਜੇਕਰ ਉਹ ਆਪਣੇ ਸਾਥੀਆਂ ਦੀ ਗੱਲ ਮੰਨਦਾ ਅਤੇ ਉਹਨਾਂ ਦੇ ਦੁੱਖ ਵਿੱਚ ਸ਼ਾਮਿਲ ਹੁੰਦਾ ਤਾਂ ਅੱਜ ਉਸਦਾ ਇਹ ਹਸ਼ਰ ਨਾ ਹੁੰਦਾ। ਆਲਸ ਅਤੇ ਟੀ.ਵੀ. ਦੇ ਨਜ਼ਾਰਿਆਂ ਨੇ ਜੰਗਲ ਦੇ ਰਾਜੇ ਨੂੰ ਇੱਕ ਪਿੰਜਰੇ ਦਾ ਕੈਦੀ ਬਣਾ ਦਿੱਤਾ। ਅੱਜ ਉਹ ਪਿੰਜਰੇ ਵਿੱਚ ਪਿਆ ਆਪਣੀ ਪਤਨੀ ਤੋਂ ਮਾਫ਼ੀ ਮੰਗ ਰਿਹਾ ਸੀ , "ਭਾਗਵਾਨੇ ! ਜੇਕਰ ਮੈਂ ਤੇਰੀ ਗੱਲ ਮੰਨ ਲੈਂਦਾ ਤਾਂ ਅੱਜ ਸਾਨੂੰ ਇਹ ਦਿਨ ਨਾ ਦੇਖਣਾ ਪੈਂਦਾ।"

ਤਾਸ਼ ਦੀ ਬਾਜੀ

ਮੇਰੇ ਪਿੰਡ ਦਾ ਥੜਾ ਕਿਸੇ ਜਮਾਨੇ ਬੜਾ ਪਵਿੱਤਰ ਸਥਾਨ ਹੁੰਦਾ ਸੀ। ਸਾਰੇ ਧਾਰਮਿਕ ਇਕੱਠ ਇਥੇ ਹੀ ਹੁੰਦੇ ਸਨ। ਬੋਹੜ ਦੀ ਠੰਢੀ ਛਾਂ ਹੇਠਾਂ ਹਰ ਕਿਸੇ ਨੂੰ ਅਨੰਦ ਮਿਲਦਾ। ਇਕ ਪਾਸੇ ਖੂਹ, ਇਕ ਪਾਸੇ ਬਾਬਾ ਜੀ ਦੀ ਸਮਾਧ ਤੇ ਸਾਹਮਣੇ ਗੁਰਦੁਆਰਾ । ਅਜਿਹੇ ਸਥਾਨ ਤੇ ਹਰ ਕਿਸੇ ਦਾ ਮਨ ਬੈਠਣ ਨੂੰ ਆਪ ਮੁਹਾਰੇ ਕਰ ਆਉਂਦਾ। ਜਦੋਂ ਬਿਜਲੀ ਨਾ ਹੁੰਦੀ ਤਾਂ ਸਾਰੇ ਮਾਈ ਭਾਈ ਇਥੇ ਢਾਣੀਆਂ ਲਾ ਬੈਠਦੇ। ਸਾਰੀ ਦੁਨੀਆਂ ਦੀ ਰਾਜਨੀਤੀ ਦਾ ਵਿਸ਼ਲੇਸ਼ਣ ਹੁੰਦਾ। ਦੋ ਚਾਰ ਆਦਮੀ ਪਿੰਡ ਦੇ ਮਸਲਿਆਂ ਨੂੰ ਵਿਚਾਰਦੇ ਰਹਿੰਦੇ । ਇੱਕ ਪਾਸੇ ਨਿੱਕੜੇ ਬਾਲ ਆਪਣੀਆਂ ਖੇਡਾਂ ਖੇਡਦੇ।

ਅਸੀਂ ਦੋਨੋਂ ਭਾਈ ਕਵੀਰ ਤੇ ਕਰਨ ਵੀ ਕਦੀ ਕਦੀ ਇਸ ਥਾਂ ਦੇ ਦ੍ਰਿਸ਼ ਦਾ ਅਨੰਦ ਮਾਨਣ ਲਈ ਚਲੇ ਜਾਂਦੇ। ਪਰ ਮੇਰੇ ਪਾਪਾ ਤੇ ਮੰਮੀ ਉੱਥੇ ਬਹੁਤਾ ਸਮਾਂ ਖੜ੍ਹਨ ਨਾ ਦਿੰਦੇ।

ਇਕ ਦਿਨ ਕਰਨ ਦੇ ਪਾਪਾ ਨੇ ਸਮਝਾਇਆ, ''ਬੇਟੇ ਜੈਸੀ ਸੰਗਤ ਵੈਸੀ ਰੰਗਤ। ਤੁਸੀਂ ਜਿਸ ਤਰ੍ਹਾਂ ਦੇ ਮਿੱਤਰਾਂ ਵਿੱਚ ਬੈਠੋਗੇ ਤੁਹਾਡੇ ਮਨ 'ਤੇ ਉਹੀ ਅਸਰ ਹੋਵੇਗਾ। ਤੇ ਤੁਸੀਂ ਵੀ ਉਹੀ ਕੁੱਝ ਕਰਨ ਲੱਗ ਪਵੋਗੇ।''

''ਹਾਂ ਪਾਪਾ ਜੀ, ਜਿਵੇਂ ਕਹਿੰਦੇ ਨੇ ਖਰਬੂਜੇ ਨੂੰ ਦੇਖ ਕੇ ਖਰਬੂਜਾ ਰੰਗ ਫੜਦਾ ਹੈ।'' ਕਰਨ ਨੇ ਗੱਲ ਨੂੰ ਅੱਗੇ ਤੋਰਦਿਆਂ ਰੌਚਕ ਬਣਾ ਦਿੱਤਾ। ਹੁਣ ਕਵੀਰ ਵੀ ਪਿਛੇ ਰਹਿਣ ਵਾਲ਼ਾ ਨਹੀਂ ਸੀ। ਉਸ ਦਾ ਮਨ ਵੀ ਕੀਤਾ ਕਿ ਉਹ ਵੀ ਆਪਣੇ ਗਿਆਨ ਦੀ ਨੁਮਾਇਸ਼ ਲਾਵੇ।

''ਪਾਪਾ ਜੀ ਇਹ ਗੱਲ ਸੱਚੀ ਐ। ਉੱਥੇ ਕੁੱਝ ਨਿਆਣੇ ਗਾਲ੍ਹਾਂ ਵੀ ਕੱਢਦੇ ਹਨ।''

''ਹਾਂ ਬੇਟੇ ਅਜਿਹੀਆਂ ਗੱਲਾਂ ਚੰਗੇ ਬੱਚਿਆਂ ਨੂੰ ਸ਼ੋਭਾ ਨਹੀਂ ਦਿੰਦੀਆਂ। ਇਸੇ ਕਰਕੇ ਕਿਹਾ ਹੈ ਬੁਰੀ ਸੰਗਤ ਨਾਲੋਂ ਇਕੱਲਾ ਚੰਗਾ।''

''ਹਾਂ ਪਾਪਾ ਜੀ ਮੇਰੇ ਸਰ ਕਹਿੰਦੇ ਹਨ, ਸਾਨੂੰ ਵਧੀਆ ਕਿਤਾਬਾਂ ਨੂੰ ਸਾਥੀ ਬਨਾਉਣਾ ਚਾਹੀਦਾ

ਹੈ। ਇਹ ਕਦੀ ਧੋਖਾ ਨੀ ਦਿੰਦੀਆਂ। ਨਾਲ ਹੀ ਇਹ ਗਿਆਨ ਵਿਗਿਆਨ ਦਾ ਭੰਡਾਰ ਹੁੰਦੀਆਂ ਨੇ।''

''ਉਏ ਇਹ ਕੱਲੀਆਂ ਗਿਆਨ ਦਾ ਭੰਡਾਰ ਹੀ ਨਹੀਂ ਹੁੰਦੀਆਂ ਸਗੋਂ ਮਨੋਰੰਜਨ ਦਾ ਸੰਸਾਰ ਵੀ ਹੁੰਦੀਆਂ ਨੇ।'' ਹੁਣ ਕਰਨ ਨੇ ਆਪਣੀ ਸਿਆਣਪ ਦਾ ਸਬੂਤ ਦੇ ਦਿੱਤਾ।

''ਹਾਂ ਬੇਟੇ ਤੁਸੀਂ ਦੋਨੋਂ ਬੜੇ ਸਮਝਦਾਰ ਹੋ। ਇਸ ਲਈ ਕਦੀ ਵੀ ਮਾੜੀ ਸੰਗਤ ਵਿੱਚ ਨੀ ਪੈਣਾ। ਆਪਣੀ ਪੜ੍ਹਾਈ ਵੱਲ ਪੂਰਾ ਧਿਆਨ ਦੇਣਾ।''

ਕਰਨ ਤੇ ਕਵੀਰ ਦਾ ਗੁਆਂਢੀ ਕਿੱਛੀ ਉਥੇ ਹੀ ਬੈਠਾ ਰਹਿੰਦਾ। ਉਸਦੀ ਮਾਂ ਹਰ ਪਲ ਉਸਨੂੰ ਅਵਾਜ਼ਾਂ ਮਾਰਦੀ ਪਰ ਉਹ ਅੱਗੋਂ 'ਆਇਆਂ ਮਾਂ' ਕਹਿ ਕੇ ਫਿਰ ਬੈਠ ਜਾਂਦਾ। ਕੁੱਝ ਸਮੇਂ ਬਾਅਦ ਹੀ ਉਸਨੂੰ ਤਾਸ਼ ਦੀ ਆਦਤ ਪੈ ਗਈ। ਇੱਕ ਦਿਨ ਉੱਥੇ ਬੈਠੇ ਮੁੰਡਿਆਂ ਦਾ ਇੱਕ ਸਾਥੀ ਨਾ ਆਇਆ ਤਾਂ ਉਨ੍ਹਾਂ ਉਸਨੂੰ ਤਾਸ਼ ਦੀ ਬਾਜੀ ਲਾਉਣ ਲਈ ਬਿਠਾ ਲਿਆ।

ਕਿੱਛੀ ਤਾਸ਼ ਖੇਡ ਕੇ ਬੜਾ ਖੁਸ਼ ਮਹਿਸੂਸ ਕਰ ਰਿਹਾ ਸੀ। ਉਹ ਮਨ ਹੀ ਮਨ ਆਪਣੇ ਆਪ ਨੂੰ ਹੀਰੋ ਸਮਝਣ ਲੱਗ ਪਿਆ। ਹੁਣ ਉਹ ਕਵੀਰ ਤੇ ਕਰਨ ਨੂੰ ਵੀ ਬਲਾਉਣ ਤੋਂ ਹੱਟ ਗਿਆ। ਸਾਰਾ ਦਿਨ ਵਿਹਲੜ ਮੁੰਡਿਆਂ ਨਾਲ ਫਿਰਦਾ ਰਹਿੰਦਾ। ਸਕੂਲ ਤੋਂ ਵੀ ਅਕਸਰ ਗੈਰਹਾਜ਼ਰ ਰਹਿਣ ਲੱਗਾ।

ਉਸਦੀ ਮਾਤਾ ਤਾਂ ਪਹਿਲਾਂ ਹੀ ਪਰੇਸ਼ਾਨ ਸੀ। ਗੈਰਹਾਜ਼ਰੀ ਕਾਰਨ ਸਕੂਲ ਦੇ ਅਧਿਆਪਕਾਂ ਲਈ ਵੀ ਮਸਲਾ ਬਣ ਗਿਆ। ਉਨ੍ਹਾਂ ਉਸਦੀ ਗੈਰਹਾਜ਼ਰੀ ਕਾਰਨ ਮਾਤਾ ਨੂੰ ਸਕੂਲ ਬੁਲਾਇਆ। ਜਦੋਂ ਇੰਚਾਰਜ ਨੇ ਉਸਦੀਆਂ ਗੈਰਹਾਜ਼ਰੀਆਂ ਬਾਰੇ ਦੱਸੀਆਂ ਤਾਂ ਮਾਤਾ ਹੱਕੀ ਬੱਕੀ ਰਹਿ ਗਈ। ਜਦੋਂ ਉਸਨੇ ਦੁਖੀ ਮਨ ਨਾਲ ਕਿੱਛੀ ਨੂੰ ਪੁੱਛਿਆ ਤਾਂ ਉਸ ਕੋਲ ਕੋਈ ਜੁਆਬ ਨਹੀਂ ਸੀ।

ਉਹ ਤਾਂ ਮਾਤਾ ਅੱਗੇ ਵੀ ਬੋਲ ਪਿਆ, ''ਤੁਹਾਨੂੰ ਕੀ? ਮੈਂ ਜੋ ਮਰਜੀ ਕਰਾਂ? ਮੈਂ ਇੱਧਰ ਗਿਆ ਸੀ। ਮੈਂ ਉਥੇ ਗਿਆ ਸੀ। ਮੈਂ ਨੀ ਪੜ੍ਹਨਾ । ਮੈਂ ਜੋਰੇ ਨਾਲ ਰਹਿਣਾ। ਤੂੰ ਦੱਸ ਕੀ ਕਰਦੀ ਐਂ?''

ਇਹ ਗੱਲ ਸੁਣ ਕੇ ਮਾਤਾ ਦੇ ਤਾਂ ਖਾਨਿਓਂ ਗਈ। ਉਸ ਨੂੰ ਕੁੱਝ ਨਹੀਂ ਸੀ ਸੁੱਝ ਰਿਹਾ ਕਿ ਕੀ ਕਰੇ? ਉਸਦਾ ਇਕੋ ਇਕ ਲਾਲ ਵੀ ਉਸਦੀ ਕਦਰ ਭੁੱਲ ਗਿਆ ਸੀ, ਜਿਸ ਨੂੰ ਉਸਨੇ ਮਿਹਨਤ



ਮਜ਼ਦੂਰੀ ਕਰਕੇ ਪਾਲਿਆ ਸੀ। ਮਾਤਾ ਨੇ ਜੋਰੇ ਦਾ ਸਾਥ ਛੁਡਾਉਣ ਲਈ ਬੜੇ ਯਤਨ ਕੀਤੇ ਪਰ ਉਹ ਪੱਥਰ ਹੀ ਬਣਿਆ ਰਿਹਾ।

ਇੱਕ ਸ਼ਾਮ ਪਿੰਡ ਵਿੱਚ ਰੌਲ਼ਾ ਪੈ ਗਿਆ ਕਿ ਪੁਲੀਸ ਨੇ ਮੁੰਡੇ ਫੜ ਲਏ। ਜਿਨਾਂ ਵਿੱਚ ਕਿੱਛੀ ਵੀ ਹੈ। ਸਰਪੰਚ ਕਹਿ ਰਿਹਾ ਸੀ, "ਇਨ੍ਹਾਂ ਨੇ ਤਾਂ ਪਿੰਡ ਦਾ ਨਾਮ ਹੀ ਬਦਨਾਮ ਕਰ ਦਿੱਤਾ। ਤਾਸ਼ ਦੀ ਬਾਜੀ ਲਾਉਂਦੇ ਜੂਆ ਖੇਡਣ ਲੱਗ ਪਏ। ਸਾਡੇ ਬਜ਼ੁਰਗਾਂ ਨੇ ਮਿਹਨਤ ਤੇ ਇਮਾਨਦਾਰੀ ਨਾਲ ਪਿੰਡ ਨੂੰ ਦੁਨੀਆਂ ਵਿੱਚ ਮਸ਼ਹੂਰ ਕੀਤਾ ਤੇ ਆਹ ਮਾੜੀ ਔਲਾਦ ਨੇ ਸਾਡਾ ਬੇੜਾ ਗਰਕ ਕਰ ਤਾ।"

ਕਰਨ ਤੇ ਕਵੀਰ ਆਪਸ ਵਿੱਚ ਗੱਲਾਂ ਕਰ ਰਹੇ ਸਨ, "ਪਾਪਾ ਜੀ ਠੀਕ ਹੀ ਆਖਦੇ ਸਨ। ਨਜ਼ਾਰਾ ਕਿੱਛੀ ਨੂੰ ਮਿਲ ਗਿਆ। ਜਿਹੜਾ ਆਪਣੀ ਮੰਮੀ ਤੇ ਟੀਚਰਾਂ ਦਾ ਕਹਿਣਾ ਨਹੀਂ ਸੀ ਮੰਨਦਾ।"

"ਕਰਨ ਵੀਰ ! ਸਾਡੇ ਮਾਪੇ ਤੇ ਅਧਿਆਪਕ ਬੜੇ ਤਜਰਬੇ ਰੱਖਦੇ ਹਨ। ਇਸ ਲਈ ਸਾਨੂੰ ਉਨ੍ਹਾਂ ਦੇ ਕਹਿਣੇ ਵਿੱਚ ਹੀ ਰਹਿਣਾ ਚਾਹੀਦਾ। ਮਨਮਰਜ਼ੀ ਦਾ ਨਤੀਜਾ ਹਮੇਸ਼ਾਂ ਭੈੜਾ ਹੀ ਨਿਕਲਦਾ ਹੈ।" ਕਵੀਰ ਨੇ ਸਿਰੇ ਦੀ ਗੱਲ ਸਮਝਾ ਦਿੱਤੀ।

ਇਹ ਕੀ ?

ਸੋਨੂੰ ਬੜਾ ਹੁਸ਼ਿਆਰ ਬੱਚਾ ਸੀ। ਉਹ ਹਰ ਗੱਲ ਇਸ਼ਾਰੇ ਨਾਲ ਹੀ ਸਮਝ ਜਾਂਦਾ । ਸਕੂਲ ਵਿੱਚ ਵੀ ਉਹ ਅਧਿਆਪਕਾਂ ਦਾ ਬੜਾ ਚਹੇਤਾ ਵਿਦਿਆਰਥੀ ਸੀ। ਘਰ ਦਾ ਕੰਮ ਬੜੀ ਸੁੰਦਰ ਲਿਖਾਈ ਵਿੱਚ ਕਰਦਾ ਸੀ। ਇਸੇ ਕਰਕੇ ਹਰ ਵਾਰੀ ਸੁੰਦਰ ਲਿਖਤ ਦੇ ਸਭ ਤੋਂ ਵੱਧ ਅੰਕ ਲੈ ਜਾਂਦਾ । ਉਸ ਦੇ ਅਧਿਆਪਕ ਨੇ ਇੱਕ ਵਾਰ ਸਮਝਾਇਆ ਸੀ : ''ਜਿਹੜੇ ਵਿਦਿਆਰਥੀ ਸੁੰਦਰ ਲਿਖਾਈ ਵਾਲ਼ੇ ਹੁੰਦੇ ਨੇ ਉਹ ਬਾਕੀਆਂ ਨਾਲੋਂ ਵੱਧ ਅੰਕ ਲੈ ਜਾਂਦੇ ਨੇ। ਜਦੋਂ ਤੁਹਾਡੇ ਪਰਚੇ ਚੈੱਕ ਕੀਤੇ ਜਾਂਦੇ ਨੇ ਤਾਂ ਤੁਹਾਡੀ ਲਿਖਾਈ ਦਾ ਬਹੁਤ ਪ੍ਰਭਾਵ ਪੈਂਦਾ ਹੈ। ਇਸ ਤਰ੍ਹਾਂ ਤੁਸੀਂ ਵੱਧ ਅੰਕ ਲੈ ਸਕਦੇ ਹੋ। ਦੂਜਾ ਲਿਖਾਈ ਤੁਹਾਡੀ ਸ਼ਖ਼ਸ਼ੀਅਤ ਦਾ ਅਕਸ ਵੀ ਹੁੰਦੀ ਹੈ। ਤੁਹਾਡੇ ਦਿਲ ਦਿਮਾਗ ਦਾ ਵੀ ਚਿੰਨ੍ਹ ਬਣਦੀ ਹੈ।

ਸੋਨੂੰ ਨੇ ਇਹ ਸਭ ਗੱਲਾਂ ਆਪਣੇ ਦਿਮਾਗ ਵਿੱਚ ਬਿਠਾ ਲਈਆਂ। ਉਹ ਰੋਜ਼ਾਨਾ ਲਿਖਾਈ ਦਾ ਅਭਿਆਸ ਕਰਨ ਲੱਗ ਪਿਆ। ਪਹਿਲਾਂ ਸੁਹਣੇ ਸੁਹਣੇ ਅੱਖਰ ਪਾਉਂਦਾ ਫਿਰ ਉਹਨਾਂ ਦੇ ਸ਼ਬਦ ਬਣਾਉਂਦਾ। ਇੰਜ ਉਸਦਾ ਚੰਗਾ ਅਭਿਆਸ ਹੋ ਗਿਆ। ਅੱਖਰਾਂ ਅਤੇ ਸ਼ਬਦਾਂ ਦੀ ਬਣਤਰ ਸਹੀ ਕਰਕੇ ਉਹਨਾਂ ਵਿੱਚ ਨਿਸ਼ਚਿਤ ਖਾਲੀ ਥਾਂ ਵੀ ਸਹੀ ਛੱਡਦਾ। ਲਾਈਨਾਂ ਵਿਚਲਾ ਫਾਸਲਾ ਅਤੇ ਪੈਰ੍ਹਿਆਂ ਨੂੰ ਇੰਝ ਸ਼ਿੰਗਾਰ ਦਿੰਦਾ ਜਿਵੇਂ ਕਿਸੇ ਕਲਾਕਾਰ ਨੇ ਕੰਧ 'ਤੇ ਨੱਕਾਸ਼ੀ ਕੀਤੀ ਹੋਵੇ। ਇਸ ਤਰ੍ਹਾਂ ਉਹ ਆਪਣੀ ਮਿਹਨਤ ਤੇ ਲਗਨ ਨਾਲ ਆਪਣੀ ਲਿਖਾਈ ਸੁਧਾਰਨ ਵਿੱਚ ਸਫ਼ਲ ਹੋ ਗਿਆ। ਨਾਲ ਹੀ ਅਧਿਆਪਕਾਂ ਦਾ ਚਹੇਤਾ ਬਣ ਗਿਆ।

ਪਹਿਲੇ ਸਮੈਸਟਰ ਦੀ ਪ੍ਰੀਖਿਆ ਵਿੱਚ ਉਹ ਸਭ ਸਾਥੀਆਂ ਨਾਲੋਂ ਅੱਗੇ ਨਿਕਲ ਗਿਆ। ਇੰਜ ਉਹ ਥੋੜ੍ਹਾ ਚਾਮ੍ਹਲ ਵੀ ਗਿਆ। ਹੁਣ ਉਹ ਘਰ ਵਿੱਚ ਕਦੀ ਪੜ੍ਹਾਈ ਵੱਲ ਗੌਰ ਨਾ ਕਰਦਾ। ਆਪਣੀ ਮਰਜ਼ੀ ਕਰਨ ਲੱਗ ਪਿਆ। ਉਸਦੀ ਮੰਮੀ ਨੇ ਸਮਝਾਉਂਦਿਆਂ ਕਿਹਾ, ''ਬੇਟੇ ਅਜੇ ਸਫ਼ਰ ਬਹੁਤ ਲੰਬਾ ਏ। ਤੂੰ ਅਜੇ ਬਹੁਤ ਜਮਾਤਾਂ ਪੜ੍ਹਨੀਆਂ ਨੇ। ਇਸ ਲਈ ਮਿਹਨਤ ਦਾ ਲੜ ਨਾ ਛੱਡ। ਬਾਕੀਆਂ ਨੂੰ ਪਰੇਸ਼ਾਨ ਵੀ ਨਾ ਕਰਿਆ ਕਰ।''

ਸੋਨੂੰ ਦੀ ਮੰਮੀ ਜਦੋਂ ਉਸਨੂੰ ਕੋਈ ਚੀਜ਼ ਖਾਣ ਨੂੰ ਦਿੰਦੀ ਤਾਂ ਉਹ ਥੋੜ੍ਹੀ ਬਹੁਤ ਖਾਂਦਾ ਅਤੇ ਬਾਕੀ

ਪਲੇਟ ਵਿੱਚ ਹੀ ਛੱਡ ਦਿੰਦਾ। ਇਸੇ ਤਰ੍ਹਾਂ ਦੁੱਧ ਵੀ ਅੱਧ - ਪਚੱਧਾ ਗਲਾਸ ਵਿੱਚ ਛੱਡ ਕੇ ਖੇਡਣ ਦੌੜ ਜਾਂਦਾ।

ਉਸਦੇ ਪਾਪਾ ਨੇ ਕਿਹਾ, "ਦੇਖੋ ਬੇਟੇ ਇਹ ਅੰਨ ਭਗਵਾਨ ਹੈ। ਇਸਦੀ ਬੇਕਦਰੀ ਚੰਗੀ ਨਹੀਂ ਹੁੰਦੀ। ਹਰ ਆਦਮੀ ਦਿਨ ਰਾਤ ਮਿਹਨਤ ਇਸ ਰੋਟੀ ਖਾਤਰ ਹੀ ਕਰ ਰਿਹਾ ਹੈ। ਇਸ ਲਈ ਕੋਈ ਚੀਜ਼ ਵਿਅਰਥ ਗੁਆਉਣੀ ਨਹੀਂ ਚਾਹੀਦੀ। ਲੋੜ ਅਨੁਸਾਰ ਆਪਣੀ ਪਲੇਟ ਵਿੱਚ ਪਾਓ ਤੇ ਖਾਓ। ਇਸ ਤਰ੍ਹਾਂ ਤੁਸੀਂ ਸਭ ਦੀ ਭਲਾਈ ਕਰ ਰਹੇ ਹੁੰਦੇ ਹੋ।"

"ਪਾਪਾ ਜੀ ਇਸ ਨਾਲ ਸਭ ਦੀ ਭਲਾਈ ਕਿਵੇਂ ਹੋ ਗਈ?" ਸੋਨੂੰ ਨੇ ਮਨ ਦੀ ਕਹੀ।

"ਦੇਖ ਬੇਟੇ ਜੇ ਤੂੰ ਦੋ ਰੋਟੀਆਂ ਜਾਂ ਅੱਧੀ ਕੌਲੀ ਦਾਲ ਸਬਜੀ ਦੀ ਜੂਠੀ ਛੱਡ ਕੇ ਖਰਾਬ ਕਰ ਦਿੱਤੀ ਤਾਂ ਇਹ ਸਮਝੋ ਕਿ ਤੁਸੀਂ ਇੱਕ ਆਦਮੀ ਦਾ ਖਾਣਾ ਖਰਾਬ ਕਰ ਦਿੱਤਾ। ਜੇ ਤੇਰੇ ਵਾਂਗ ਹਜ਼ਾਰਾਂ ਬੱਚੇ ਅਜਿਹਾ ਕਰਨ ਤਾਂ ਕਿੰਨੇ ਲੋਕਾਂ ਦਾ ਖਾਣਾ ਬਰਬਾਦ ਹੋ ਗਿਆ !

"ਹਾਂ ਪਾਪਾ ਜੀ ਮੈਂ ਤਾਂ ਕਦੀ ਅਜਿਹਾ ਸੋਚਿਆ ਹੀ ਨੀਂ।" ਸੋਨੂੰ ਨੇ ਗੰਭੀਰ ਹੁੰਦਿਆਂ ਕਿਹਾ, "ਆਹ ਦੇਖੋ ਪਾਪਾ ਜੀ ਗੋਦਾਮ ਵਿੱਚ ਅਨਾਜ ਕਿਵੇਂ ਸੜ ਰਿਹੈ।" ਉਸਨੇ ਅਖ਼ਬਾਰ ਤੇ ਛਪੀ ਤਸਵੀਰ ਆਪਣੇ ਪਾਪਾ ਨੂੰ ਦਿਖਾਈ।

"ਹਾਂ ਬੇਟੇ, ਇਹ ਸਾਡੇ ਅਧਿਕਾਰੀਆਂ ਕਰਕੇ ਹੈ ਜੋ ਆਪਣੀ ਜ਼ਿੰਮੇਵਾਰੀ ਪ੍ਰਤੀ ਸੁਚੇਤ ਨਹੀਂ ਹਨ। ਇਸੇ ਕਰਕੇ ਕਰੋੜਾਂ ਲੋਕ ਭੁੱਖੇ ਰਹਿ ਰਹੇ ਹਨ।"

ਅੱਜ ਸਾਰਾ ਪਰਿਵਾਰ ਪੈਲੇਸ ਵਿੱਚ ਵਿਆਹ ਜਾਣ ਦੀ ਤਿਆਰੀ ਵਿੱਚ ਜੁੱਟਿਆ ਹੋਇਆ ਸੀ। ਸੋਨੂੰ ਵੀ ਸ਼ੀਸ਼ੇ ਅੱਗੇ ਖੜਾ ਆਪਣੇ ਵਾਲਾਂ ਨੂੰ ਸੈੱਟ ਕਰ ਰਿਹਾ ਸੀ। ਆਪਣੇ ਪਾਪਾ ਜੀ ਨੂੰ ਆਖ ਰਿਹਾ ਸੀ, "ਦੇਖੋ ਪਾਪਾ ਜੀ ਮੇਰੇ ਵਾਲ ਖੜੇ ਹੋ ਗਏ ਨੇ। ਉਹ ਵਾਲ ਖੜੇ ਕਰਕੇ ਬੜਾ ਖੁਸ਼ ਹੋ ਰਿਹਾ ਸੀ। ਪਾਪਾ ਨੇ ਉਸ ਵੱਲ ਦੇਖਿਆ ਅਤੇ ਮੁਸਕਰਾਉਂਦਿਆਂ ਆਖਿਆ, "ਮੇਰਾ ਬੇਟਾ ਹੁਣ ਟੌਹਰੀ ਹੋ ਗਿਐ।"

ਇਹ ਸੁਣ ਕੇ ਸੋਨੂੰ ਝੱਟ ਬੋਲ ਪਿਆ, "ਨਹੀਂ ਪਾਪਾ ਜੀ, ਮੈਂ ਆਪਣੀ ਪਰਸਨੈਲਟੀ ਡਿਵੈਲਪ ਕਰ ਰਿਹੈ। ਪਰ ਮੈਨੂੰ ! ਆਪਣੇ ਸਰਾਂ ਦੀ ਇਹ ਨਸੀਅਤ ਵੀ ਯਾਦ ਹੈ ਕਿ ਸਿੰਪਲ ਰਹਿੰਦੇ ਹੋਏ ਉੱਚੇ ਵਿਚਾਰਾਂ ਵਾਲੇ ਬਣਨਾ ਜ਼ਰੂਰੀ ਹੈ । ਇਸੇ ਤੇ ਅਮਲ ਕਰਦਾ ਹੋਇਆ ਦਿਨ ਰਾਤ ਇਕ ਕਰ ਰਿਹੈ।



''ਸ਼ਾਬਾਸ਼ ਬੇਟੇ! ਮੈਨੂੰ ਤੇਰੇ ਤੇ ਮਾਣ ਹੈ। ਤੂੰ ਮੇਰਾ ਨਾਂ ਜ਼ਰੂਰ ਚਮਕਾਵੇਂਗਾ।'' ਪਾਪਾ ਨੇ ਬੜੇ ਫ਼ਖ਼ਰ ਨਾਲ ਕਿਹਾ।

ਪੈਲੇਸ ਵਿੱਚ ਸਾਰੇ ਆਪੋ ਆਪਣੇ ਢੰਗ ਨਾਲ ਵਿਆਹ ਦਾ ਆਨੰਦ ਮਾਣ ਰਹੇ ਸਨ । ਕੋਈ ਡੀ.ਜੇ. ਦਾ ਨਾਚ ਗਾਣਾ ਦੇਖ ਰਿਹਾ ਸੀ। ਕੋਈ ਖਾਣ ਪੀਣ ਵਿੱਚ ਮਸਤ ਸੀ। ਸੋਨੂੰ ਨੇ ਦੇਖਿਆ ਕਿ ਕੁੱਝ ਲੋਕ ਪਲੇਟਾਂ ਭਰ ਤਾਂ ਲੈਂਦੇ ਸਨ ਬਾਅਦ ਵਿੱਚ ਪੂਰੀ ਖਾਧੇ ਬਗੈਰ ਹੀ ਸੁੱਟ ਦਿੰਦੇ।

ਇਸੇ ਤਰ੍ਹਾਂ ਜਦੋਂ ਉਸਦੇ ਇੱਕ ਸਾਥੀ ਨੇ ਕੀਤੀ ਤਾਂ ਉਸਨੇ ਉਸਨੂੰ ਟੋਕ ਹੀ ਦਿੱਤਾ, ''ਇਹ ਕੀ? ਤੈਨੂੰ ਪਤਾ ਨਹੀਂ ਚੀਜ਼ ਲੋੜ ਅਨੁਸਾਰ ਲੈਣੀ ਚਾਹੀਦੀ ਹੈ। ਕਿਵੇਂ ਬਰਬਾਦ ਕਰ ਦਿੱਤੀ ਪਲੇਟ?'' ਮੋਨੂੰ ਇਹ ਗੱਲ ਸੁਣ ਕੇ ਸ਼ਰਮਿੰਦਾ ਤਾਂ ਹੋਇਆ ਪਰ ਉਸਨੇ ਬੇਪ੍ਰਵਾਹੀ ਨਾਲ ਕਿਹਾ, ''ਯਾਰ ਸੁਆਦ ਨੀ ਸੀ।''

ਸੋਨੂੰ ਨੇ ਝੱਟ ਕਹਿ ਦਿੱਤਾ, ''ਪਹਿਲਾਂ ਸੁਆਦ ਦੇਖ ਲੈਂਦਾ, ਫਿਰ ਪਲੇਟ ਭਰਦਾ, ਤੂੰ ਤਾਂ ਇੱਕ ਪਲੇਟ ਸੁਆਦ ਵਿੱਚ ਹੀ ਗੁਆ ਤੀ।''

''ਯਾਰ ਛੱਡ ਖਹਿੜਾ ਨਹੀਂ ਕਰਦਾ ਅੱਗੇ ਤੋਂ ।'' ਉਸ ਨੇ ਬੜੇ ਔਖੇ ਹੋ ਕੇ ਸੋਨੂੰ ਤੋਂ ਖਹਿੜਾ ਛੁਡਾਇਆ ਅਤੇ ਨਾਚ ਦੇਖਣ ਵਿੱਚ ਮਸਤ ਹੋ ਗਿਆ।

ਹੁਣ ਸਾਰਾ ਪਰਿਵਾਰ ਵਿਆਹ ਦਾ ਨਜ਼ਾਰਾ ਲੈ ਕੇ ਗੇਟ 'ਤੇ ਖੜਾ ਸੀ। ਸੋਨੂੰ ਨੇ ਉਥੇ ਦੇਖਿਆ ਕਿ ਪੰਦਰਾਂ ਵੀਹ ਬੱਚੇ ਅਤੇ ਉਹਨਾਂ ਦੇ ਨਾਲ ਉਹਨਾਂ ਦੇ ਮਾਪੇ ਮੈਲੇ - ਕੁਚੈਲੇ ਕੱਪੜਿਆਂ ਵਿੱਚ ਰੋਟੀ ਮੰਗ ਰਹੇ ਸਨ ਪਰ ਗੇਟ ਕੀਪਰ ਉਹਨਾਂ ਨੂੰ ਦਬਕੇ ਮਾਰ ਕੇ ਭਜਾ ਰਿਹਾ ਸੀ। ਸੋਨੂੰ ਨੇ ਫਿਰ ਮੋਨੂੰ ਨੂੰ ਚੇਤਾਰਿਆ, ''ਦੇਖ ਤੁਹਾਡੇ ਵਰਗੇ ਅੰਦਰ ਜੂਠ ਛੱਡ ਕੇ ਖਾਣਾ ਖਰਾਬ ਕਰ ਰਹੇ ਨੇ ਤੇ ਇੱਧਰ ਕਿੰਨੇ ਲੋਕ ਭੁੱਖ ਨਾਲ ਤੜਫ ਰਹੇ ਨੇ।''

ਹੁਣ ਸੋਨੂੰ ਦੇ ਨਾਲ ਮੋਨੂੰ ਵੀ ਇਸ ਗੱਲ ਨੂੰ ਵਿਚਾਰਨ ਲੱਗ ਪਿਆ ਸੀ। ਇਹ ਕੀ ? ਤੇ ਕਿਉਂ ਹੋ ਰਿਹਾ। ਮੋਨੂੰ ਨੇ ਉਸੇ ਵੇਲੇ ਸੋਨੂੰ ਦਾ ਹੱਥ ਫੜਕੇ ਪ੍ਰਣ ਕੀਤਾ ਕਿ ਅੱਜ ਤੋਂ ਉਹ ਨਾ ਖੁਦ ਜੂਠ ਛੱਡੇਗਾ ਅਤੇ ਨਾ ਹੀ ਕਿਸੇ ਨੂੰ ਅਜਿਹਾ ਕਰਨ ਦੇਵੇਗਾ।

ਮੈਂ ਪਾਇਲਟ ਬਣਾਂਗਾ

ਹੈਰੀ ਅਤੇ ਤਨੂੰ ਆਪਣੇ ਡੈਡੀ ਦੀ ਬਜਾਏ ਆਪਣੇ ਬਾਬੇ ਨਾਲ਼ ਜਿਆਦਾ ਪਿਆਰ ਕਰਦੇ ਨੇ। ਅਸਲ ਵਿੱਚ ਉਹ ਬਾਬਾ ਜੀ ਤੋਂ ਰੋਜ਼ਾਨਾ ਕਹਾਣੀਆਂ ਸੁਣਦੇ ਨੇ। ਇਹਨਾਂ ਕਹਾਣੀਆਂ ਦੇ ਪ੍ਰਭਾਵ ਕਰਕੇ ਹੀ ਸ਼ਾਮ ਹੁੰਦੇ ਸਾਰ ਉਹ ਬਾਬਾ ਜੀ ਦੁਆਲੇ ਜਾ ਬੈਠਦੇ ਨੇ।

ਹੈਰੀ ਆਖਦਾ ਹੈ, ''ਮੈਨੂੰ ਹਾਥੀ ਵਾਲੀ ਕਹਾਣੀ ਸੁਣਾਓ। ਨਾਲ਼ ਹੀ ਤਨੂੰ ਆਖਦਾ ਹੈ, ''ਮੈਨੂੰ ਸ਼ੇਰ ਵਾਲੀ ਕਹਾਣੀ ਸੁਣਾਓ।'' ਹੁਣ ਬਾਬਾ ਜੀ ਲਈ ਇਹ ਸਮੱਸਿਆ ਬਣ ਜਾਂਦੀ ਹੈ ਕਿ ਉਹ ਕਿਹੜੀ ਕਹਾਣੀ ਪਹਿਲਾਂ ਸੁਣਾਵੇ। ਉਹ ਆਖਦੇ ਨੇ ਬਈ ਵਾਰੀ ਵਾਰੀ ਸੁਣ ਲਓ। ਇੱਕੋ ਵੇਲੇ ਦੋ ਕਹਾਣੀਆਂ ਨਹੀਂ ਸੁਣਾ ਹੋਣੀਆਂ।

''ਮੇਰੀ ਪਹਿਲਾਂ ਸੁਣਾਓ'', ਹੈਰੀ ਉੱਚੀ ਦੇਣੀ ਆਖ ਦਿੰਦਾ। ਨਾਲ਼ ਹੀ ਤਨੂੰ ਵੀ ਟੱਪ ਕੇ ਆਖਦਾ, ''ਪਹਿਲਾਂ ਮੇਰੀ ਸੁਣਾਓ।''

ਅਖੀਰ ਫੈਸਲਾ ਹੈਰੀ ਦੇ ਹੱਕ ਵਿੱਚ ਹੋ ਜਾਂਦਾ । ਹੈਰੀ ਛੋਟਾ ਹੋਣ ਕਰਕੇ ਬਾਬਾ ਜੀ ਉਸਦੀ ਗੱਲ ਮੰਨ ਕੇ ਕਹਾਣੀ ਸ਼ੁਰੂ ਕਰ ਦਿੰਦੇ ਨੇ। ਉਹ ਅਜੇ ਪਹਿਲੀ ਸਤਰ ਹੀ ਬੋਲਦੇ ਨੇ ਤਾਂ ਹੈਰੀ ਨਾਲ਼ ਹੀ ਅਗਲੀ ਗੱਲ ਕਹਿ ਦਿੰਦਾ, ''ਨਹੀਂ ਬਾਬਾ ਜੀ ਮੈਂ ਤਾਂ ਅੱਜ ਫੌਜ ਦੀ ਕਹਾਣੀ ਸੁਣਨੀ ਹੈ। ਮੈਨੂੰ ਜਹਾਜ਼ ਬਹੁਤ ਸੋਹਣੇ ਲੱਗਦੇ ਨੇ। ਬਾਬਾ ਜੀ ਮੈਂ ਵੱਡਾ ਹੋ ਕੇ ਪਾਇਲਟ ਬਣਾਂਗਾ।''

''ਸ਼ਾਬਾਸ਼ ਬੇਟੇ ! ਤੇਰੀ ਬਹੁਤ ਚੰਗੀ ਸੋਚ ਹੈ। ਅੱਜ ਕੱਲ੍ਹ ਤਾਂ ਕੋਈ ਫੌਜ ਵਿੱਚ ਜਾਣ ਦੀ ਗੱਲ ਹੀ ਨੀ ਕਰਦਾ। ਬਹੁਤੇ ਕਹਿੰਦੇ ਨੇ ਅਸੀਂ ਸਿਵਲ ਵਿੱਚ ਹੀ ਰਹਿਣੈ।'' ਬਾਬਾ ਜੀ ਉਸਦੀ ਸੋਚ ਦੀ ਪ੍ਰਸ਼ੰਸਾ ਕਰਦੇ ਆਖਦੇ ਹਨ।

ਇਹ ਸਿਵਲ ਕੀ ਹੁੰਦੇ ? ਤਨੂੰ ਨੇ ਸਵਾਲ ਕੀਤਾ। ''ਉਏ ਤੁਸੀਂ ਕੀ ਪੜ੍ਹਦੇ ਹੋ? ਤੁਹਾਨੂੰ ਸਿਵਲ ਤੇ ਮਿਲਟਰੀ ਦੇ ਫਰਕ ਦਾ ਵੀ ਪਤਾ ਨੀਂ। ਜਿਨ੍ਹਾਂ ਨੂੰ ਵਰਦੀ ਨਾਲ ਬੈਲਟ ਪਾਈ ਹੁੰਦੀ ਹੈ ਅਤੇ ਜਿਹੜੇ ਦੇਸ਼ ਦੀ ਅੰਦਰੂਨੀ ਤੇ ਬਾਹਰੀ ਰੱਖਿਆ ਕਰਦੇ ਨੇ ਉਹਨਾਂ ਨੂੰ ਮਿਲਟਰੀ ਜਾਂ ਫੌਜ ਕਿਹਾ ਜਾਂਦੈ। ਦੂਜੇ ਬੰਨੇ ਜਿਹੜਾ ਪ੍ਰਸ਼ਾਸ਼ਨ ਸਾਡੇ ਅੰਦਰੂਨੀ ਮਸਲਿਆਂ ਨੂੰ ਚਲਾਉਂਦੈ ਉਸਨੂੰ ਸਿਵਲ ਪ੍ਰਸ਼ਾਸ਼ਨ ਕਿਹਾ ਜਾਂਦੈ। ਜਿਵੇਂ ਤੁਹਾਡੇ ਸਾਰੇ ਅਫਸਰ ਕੰਮ ਕਰਦੇ ਨੇ। ਹੋਰ ਅਧਿਕਾਰੀ ਤੇ ਕਰਮਚਾਰੀ ਵੀ ਇਸ ਵਿੱਚ ਹੀ ਹੁੰਦੇ ਨੇ।''

''ਹੁਣ ਪਤਾ ਲੱਗੈ ਅਸਲੀ ਗੱਲ ਦਾ'', ਤਨੂੰ ਨੇ ਖੁਸ਼ੀ ਦਾ ਇਜ਼ਹਾਰ ਕੀਤਾ।

''ਤੂੰ ਐਵੇਂ ਰੌਲਾ ਨਾ ਪਾ, ਮੈਨੂੰ ਕਹਾਣੀ ਸੁਣ ਲੈਣ ਦੇ'', ਹੈਰੀ ਨੇ ਤਨੂੰ ਨੂੰ ਪਿੱਛੇ ਕਰਦਿਆਂ ਕਿਹਾ।

''ਹਾਂ ਬੇਟੇ ਹੁਣ ਤੈਨੂੰ ਫੌਜ ਦੀ ਕਹਾਣੀ ਨੀ ਸਗੋਂ ਹੱਡ ਬੀਤੀ ਸੁਣਾਉਂਦੈ।'' ਬਾਬਾ ਜੀ ਨੇ ਗੱਲ ਅੱਗੇ ਤੋਰੀ।

''ਬਾਬਾ ਜੀ ਆਹ ਜਿਹੜੇ ਮੈਡਲ ਨੇ ਇਹ ਤੁਹਾਨੂੰ ਕਿੱਥੋਂ ਮਿਲੇ ਨੇ। ਮੈਂ ਵੀ ਲੈਣੇ ਨੇ, ਹੈਰੀ ਨੇ ਬੜੀ ਚਾਹਤ ਨਾਲ ਮੈਡਲਾਂ ਵੱਲ ਵੇਖਦਿਆਂ ਪੁੱਛਿਆ।

''ਬੇਟੇ ਇਹ ਐਨੇ ਸੁਖਾਲੇ ਨੀ ਮਿਲਦੇ। ਜਿੰਨੇ ਤੂੰ ਸਮਝਦੈਂ, ਮੈਂ ਪੂਰੇ ਪੈਂਤੀ ਸਾਲ ਫੌਜ ਦੀ ਸੇਵਾ ਕੀਤੀ। ਦੋ ਜੰਗਾਂ ਲੜੀਆਂ। ਇੱਕ ਚੀਨ ਨਾਲ ਤੇ ਦੂਜੀ ਪਾਕਿਸਤਾਨ ਨਾਲ ਜਾਨ ਤਲੀ 'ਤੇ ਧਰ ਕੇ, ਬੱਸ ਫਿਰ ਮਿਲਦੇ ਨੇ ਅਜਿਹੇ ਮੈਡਲ।'' ਬਾਬੇ ਨੇ ਪੋਤਿਆਂ ਦੀ ਤਸੱਲੀ ਕਰਾਉਂਦਿਆਂ ਆਖਿਆ।

''ਬਾਬਾ ਜੀ ਤੁਹਾਨੂੰ ਡਰ ਨੀ ਲਗਦਾ ਸੀ?'' ਤਨੂੰ ਨੇ ਪੁੱਛਿਆ।

''ਪੁੱਤਰਾਂ ਡਰ ਤਾਂ ਫੌਜ ਦੀ ਟਰੇਨਿੰਗ ਵਿੱਚ ਹੀ ਖਤਮ ਕਰ ਦਿੱਤਾ ਜਾਂਦੈ। ਉੱਥੇ ਸਭ ਤੋਂ



ਪਹਿਲਾਂ ਦੇਸ਼ ਹੁੰਦਾ ਹੈ। ਭੈਣ, ਭਰਾ, ਪੁੱਤਰ ਅਤੇ ਪਰਿਵਾਰ ਸਭ ਤੋਂ ਬਾਅਦ ਵਿੱਚ। ਹਰ ਫੌਜੀ ਦੇ ਦਿਲ ਵਿੱਚ ਦੇਸ਼ ਦੀ ਕੁਰਬਾਨੀ ਦਾ ਜਜ਼ਬਾ ਹੁੰਦਾ ਹੈ। ਜੇਕਰ ਸਾਡੀਆਂ ਸਰਹੱਦਾਂ ਸੁਰੱਖਿਅਤ ਹਨ ਤਦ ਹੀ ਸਾਡਾ ਦੇਸ਼ ਦੁਨੀਆਂ ਵਿੱਚ ਕਾਇਮ ਰਹਿ ਸਕਦੈ। ਬਾਬਾ ਜੀ ਨੇ ਦੇਸ਼ ਦੀ ਕੀਮਤ ਅਤੇ ਫੌਜੀ ਜਜ਼ਬੇ ਨੂੰ ਦਰਸਾਇਆ।

"ਬਾਬਾ ਜੀ ਤੁਸੀਂ ਕਿੰਨੇ ਮੈਡਲ ਜਿੱਤੇ ਨੇ?" ਹੈਰੀ ਨੇ ਗੱਲ ਨੂੰ ਹੋਰ ਅੱਗੇ ਤੋਰਿਆ।

"ਬੇਟੇ ਤੁਸੀਂ ਇਹ ਪੁੱਛੋ ਕਿ ਇਹ ਮੈਡਲ ਕਿਵੇਂ ਜਿੱਤੇ ਨੇ? ਇਹ ਗਿਣਤੀ ਤਾਂ ਇੱਕ ਦਰਜਨ ਤੋਂ ਵੀ ਜ਼ਿਆਦਾ ਹੈ?" ਬਾਬਾ ਜੀ ਨੇ ਸਪੱਸ਼ਟ ਕੀਤੀ।

"ਬਾਬਾ ਜੀ ਤੁਸੀਂ ਚਲਦੇ ਬੰਬਾਂ ਵਿੱਚ ਕਿਵੇਂ ਬਚ ਗਏ?" ਹੈਰੀ ਨੇ ਅੱਗੇ ਜਾਣਨਾ ਚਾਹਿਆ।

"ਕਾਕਾ ਇਹ ਸਾਰਾ ਕੁਝ ਦੇਸ਼ ਭਗਤੀ ਕਰਕੇ ਹੀ ਹੋਇਆ। ਅਸੀਂ ਰਾਜਸਥਾਨ ਦੇ ਰੇਗਿਸਤਾਨ ਵਿੱਚ ਕਈ ਕਈ ਦਿਨ ਪਿਆਸੇ ਵੀ ਰਹੇ ਪਰ ਕਦੀ ਆਪਣੇ ਫਰਜ਼ਾਂ ਵਿੱਚ ਕੁਤਾਹੀ ਨੀਂ ਕੀਤੀ। ਲੇਹ ਲੱਦਾਖ ਵਿੱਚ ਬਰਫੀਲੇ ਤੂਫਾਨ ਨਾਲ ਟੱਕਰਾਂ ਲੈ ਕੇ ਦੇਸ਼ ਦੀ ਸੀਮਾ ਦੀ ਰਾਖੀ ਕਰਦੇ ਰਹੇ। ਬੱਸ ਇੱਕੋ ਖਿਆਲ ਹੁੰਦਾ ਸੀ ਕਿ ਕੋਈ ਦੁਸ਼ਮਣ ਭਾਰਤ ਮਾਤਾ ਦੀ ਸਰਜ਼ਮੀਨ 'ਤੇ ਪੈਰ ਨਾ ਰੱਖੇ। ਇਸੇ ਕਰਕੇ ਕੋਈ ਮੁਸ਼ਕਿਲ ਸਾਡੇ ਹੌਂਸਲੇ ਅੱਗੇ ਟਿਕ ਨਾ ਸਕੀ।

"ਬਾਬਾ ਜੀ ਇੰਝ ਤਾਂ ਤੁਸੀਂ ਸਾਰਾ ਜੀਵਨ ਬੜੀ ਕਠਿਨਾਈ ਵਿੱਚ ਗੁਜ਼ਾਰਿਆ।" ਹੈਰੀ ਨੇ ਆਪਣੇ ਮਨ ਦੀ ਆਖੀ।

"ਨਹੀਂ ਬੇਟੇ ਇੰਝ ਨਾ ਕਹੋ ਸਗੋਂ ਇੰਝ ਕਹੋ ਕਿ ਸਾਡੇ ਬਾਬਾ ਜੀ ਨੇ ਪੂਰੇ ਪੈਂਤੀ ਸਾਲ ਦੇਸ਼ ਦੀ ਰਾਖੀ ਕਰਦਿਆਂ ਗੁਜ਼ਾਰੇ। ਸੇਨਾ ਦਾ ਮੁੱਖ ਕੰਮ ਦੇਸ਼ ਦੀ ਦੀ ਰਾਖੀ ਕਰਨਾ ਹੁੰਦਾ ਹੈ। ਸੋ ਮੈਂ ਇਸ ਸੇਵਾ ਨੂੰ ਪੂਰੀ ਤਨਦੇਹੀ ਨਾਲ ਨਿਭਾਇਐ। ਜੰਗਲਾਂ ਵਿੱਚ ਰਹਿ ਕੇ ਤੁਹਾਡੇ ਡੈਡੀ ਨੂੰ ਇੱਥੋਂ ਤੱਕ ਪੜ੍ਹਾਇਐ।

ਬਾਡਰ 'ਤੇ ਰੋਜ਼ ਹੁੰਦੀ ਗੋਲੀਬਾਰੀ ਵਿੱਚ ਕਦੀ ਪਿੱਛੇ ਮੁੜਕੇ ਨੀਂ ਦੇਖਿਆ।'' ਬਾਬਾ ਜੀ ਨੇ ਆਪਣੀ ਸ਼ਾਨਦਾਰ ਸੇਵਾ ਤੇ ਫ਼ਖ਼ਰ ਕਰਦਿਆਂ ਆਖਿਆ।

ਬਾਬਾ ਜੀ ਨੇ ਖੰਘੂਰਾ ਮਾਰ ਕੇ ਗਲ਼ਾ ਸਾਫ ਕੀਤਾ ਅਤੇ ਆਪਣੇ ਜੀਵਨ ਦੀ ਇੱਕ ਹੋਰ ਘਟਨਾ ਨੂੰ ਯਾਦਾਂ ਦੀ ਪਟਾਰੀ ਵਿੱਚੋਂ ਇੰਞ ਬਾਹਰ ਕੱਢਿਆ, ''ਬੇਟਾ ਖੇਮਕਰਨ ਸੈਕਟਰ ਦੀ ਗੱਲ ਹੈ। ਪਾਕਿਸਤਾਨ ਨਾਲ ਬੜੀ ਗਹਿਗੱਚ ਲੜਾਈ ਚੱਲ ਰਹੀ ਸੀ। ਮੇਰੇ ਕਈ ਸਾਥੀ ਸ਼ਹੀਦ ਹੋ ਚੁੱਕੇ ਸਨ। ਪਰ ਮੈਂ ਤੇ ਮੇਰੇ ਕੁੱਝ ਸਾਥੀਆਂ ਨੇ ਥੋੜ੍ਹੇ ਜਿਹੇ ਅਸਲੇ ਨਾਲ ਹੀ ਦੁਸ਼ਮਣਾਂ ਨੂੰ ਭਾਜੜਾਂ ਪੁਆ ਦਿੱਤੀਆਂ। ਅਸੀਂ ਚਾਰ ਜੁਆਨਾਂ ਨੇ ਉਹਨਾਂ ਦੇ ਛੱਕੇ ਛੁਡਾ ਦਿੱਤੇ। ਫਿਰ ਸਾਡੇ ਕਮਾਂਡਰਾਂ ਨੇ ਸਾਡੇ ਨਾਂ ਮੈਡਲ ਲਈ ਭੇਜ ਦਿੱਤੇ। ਅਸੀਂ ਜਾਨ ਦੀ ਪ੍ਰਵਾਹ ਕੀਤੇ ਬਗੈਰ ਭੁੱਖੇ ਰਹਿ ਕੇ ਵੀ ਇਹ ਜੰਗ ਲੜਦੇ ਰਹੇ।''

''ਬਾਬਾ ਜੀ ਭੁੱਖੇ ਰਹਿਣਾ ਤਾਂ ਬਹੁਤ ਔਖਾ ਐ। ਮੈਂ ਨੀ ਰਹਿ ਸਕਦਾ।'' ਤਨੂੰ ਨੇ ਆਪਣੀ ਸਮੱਸਿਆ ਦੱਸੀ।

''ਓਏ ਤੈਨੂੰ ਕੌਣ ਕਹਿੰਦਾ ਭੁੱਖਾ ਰਹਿਣ ਨੂੰ। ਇਹ ਤਾਂ ਸਾਡੇ ਬਾਬਾ ਜੀ ਦੀ ਕੁਰਬਾਨੀ ਐ। ਜਿਹੜੇ ਸਾਡੇ ਦੇਸ਼ ਦੀ ਖਾਤਰ ਭੁੱਖੇ ਰਹਿ ਕੇ ਵੀ ਜੰਗਲਾਂ, ਪਹਾੜਾਂ ਤੇ ਬਰਫੀਲ਼ੀਆਂ ਚੋਟੀਆਂ ਤੇ ਜੰਗ ਲੜਦੇ ਰਹੇ। ਅਖੀਰ ਜਿੱਤ ਕੇ ਸਾਡਾ ਦੇਸ਼ ਬਚਾ ਲਿਆ। ਬਾਬਾ ਜੀ ਮੈਨੂੰ ਬਹੁਤ ਮਾਣ ਹੈ ਤੁਹਾਡੇ ਤੇ। ਮੈਂ ਵੀ ਫੌਜ ਵਿੱਚ ਹੀ ਜਾਵਾਂਗਾ ਅਤੇ ਦੇਸ਼ ਦੀ ਖਾਤਰ ਕੁਰਬਾਨੀ ਦੇਵਾਂਗਾ।'' ਇਹ ਕਹਿੰਦਿਆਂ ਹੈਰੀ ਨੇ ਸਾਵਧਾਨ ਖੜ੍ਹਾ ਹੋ ਕੇ ਆਪਣੇ ਬਾਬਾ ਜੀ ਨੂੰ ਸੈਲੂਟ ਮਾਰ ਦਿੱਤਾ।

ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਦੁਆਰਾ ਪ੍ਰਕਾਸ਼ਿਤ ਬਾਲ ਪੁਸਤਕਾਂ

1.	ਮੇਰਾ ਸੁਪਨਾ (ਨਰਸਰੀ ਗੀਤ)	ਬਲਜਿੰਦਰ ਮਾਨ
2.	ਨੰਨ੍ਹੂ ਦਾ ਬਗੀਚਾ	ਸੁਖਚੰਚਲ ਕੌਰ
3.	ਸੁਰਮੇ ਰੰਗੀ ਬਿੱਲੀ ਅਤੇ ਵੱਛੇ ਦੀ ਦੋਸਤੀ	ਸੁਖਚੰਚਲ ਕੌਰ
4.	ਗੁੱਡੀਆਂ ਪਟੋਲਿਆਂ ਦਾ ਚਾਅ	ਪਰਮਜੀਤ ਪੰਮਾ ਪੇਂਟਰ
5.	ਖੰਡ ਦੇ ਖਿਡੌਣੇ	ਪਰਮਜੀਤ ਪੰਮਾ ਪੇਂਟਰ
6.	ਨਿਆਰੀਆਂ ਗੱਲਾਂ ਪਿਆਰੀਆਂ ਗੱਲਾਂ	ਜੋਗਾ ਸਿੰਘ ਬਠੁੱਲਾ
7.	ਮਹਿਕਾਂ ਵੰਡਦੇ ਬੱਚੇ	ਸੁਨੀਲਮ ਮੰਡ
8.	ਸਿੰਘਾਂ ਦੀ ਫਤਿਹ ਹੀ ਫਤਿਹ	ਸੁਖਦੇਵ ਕੌਰ ਚਮਕ
9.	ਬਿੱਲੀ ਦੇ ਬਲੂੰਗੜੇ	ਡਾ. ਮਨਮੋਹਨ ਸਿੰਘ ਤੀਰ
10.	ਤਿਤਲੀ ਦੇ ਮਨਮੋਹਣੇ ਰੰਗ	ਕੁਲਵਿੰਦਰ ਕੌਰ ਨੰਗਲ
11.	ਚਿੜੀਏ ! ਚਿੜੀਏ ! ਆ ਜਾ	ਨਵਦੀਪ ਸਿੰਘ ਬਦੇਸ਼ਾ
12.	ਜਾਨਵਰਾਂ ਦੇ ਅੰਗ-ਸੰਗ	ਨਵਦੀਪ ਸਿੰਘ ਵਦੇਸ਼ਾ

ਹੋਰ ਪੁਸਤਕਾਂ

1.	ਮਿੱਟੀ ਰੁੱਸ ਰੁੱਸ ਬਹਿਂਦੀ	ਪੰਮੀ ਖੁਸ਼ਹਾਲਪੁਰੀ
2.	ਲਹਿਰਾਂ ਦੇ ਸੰਗ	ਧਰਮਪਾਲ ਸਿੰਘ ਸਹਿਗਲ
3.	ਓਹ ਭੁੱਲਿਆ ਨਹੀਂ	ਮਹਿੰਦਰ ਸਿੰਘ ਮੁਸਾਫਿਰ
4.	ਮਾਂ ਦੀ ਗੋਦ	ਸੁਰਜੀਤ ਮੰਨਣਹਾਨੀ

ਬਾਲ ਵਿਵਸਥਾ ਦੇ ਰੂਹੇ ਰਵਾਂ- ਬਲਜਿੰਦਰ ਮਾਨ



ਬਲਜਿੰਦਰ ਮਾਨ

ਬਲਜਿੰਦਰ ਮਾਨ ਇੱਕ ਸਿਰੜੀ ਸਾਹਿਤਕਾਰ ਹੈ ਜਿਸਨੇ 'ਨਿੱਕੀਆਂ ਕਰੂੰਬਲਾਂ' ਹਾਹੀਂ ਅਨੇਕਾਂ ਹੀ ਨਵੀਆਂ ਕਲਮਾਂ ਨੂੰ ਹੁਲਾਰਾ ਦਿੱਤਾ ਹੈ। ਮੈਂ ਉਸਨੂੰ 1989 ਤੋਂ ਜਾਣਦਾ ਹਾਂ ਜਦੋਂ ਉਹ ਸ਼ੌਂਕੀ ਮੇਲੇ ਰਾਹੀਂ ਪੰਜਾਬੀ ਸੱਭਿਆਚਾਰ ਦੇ ਸ਼ਾਨਦਾਰ ਪ੍ਰਦਰਸ਼ਨ ਲਈ ਦਿਨ-ਰਾਤ ਜੁਟਿਆ ਹੋਇਆ ਸੀ। ਫਿਰ ਉਹ 1990 ਤੋਂ ਬਾਲ ਮੇਲਿਆਂ ਦੇ ਆਯੋਜਨਾਂ ਨਾਲ ਮੇਰੇ ਮਿੱਤਰ ਮੰਡਲ ਵਿੱਚ ਐਸਾ ਸ਼ਾਮਲ ਹੋਇਆ ਕਿ ਅਸੀਂ ਅਨੇਕਾਂ ਪ੍ਰੋਜੈਕਟ ਸਾਂਝੇ ਰੂਪ ਵਿੱਚ ਸਿਰੇ ਚੜ੍ਹਾਏ। ਬਾਲ ਪ੍ਰੀਤ ਮਿਲਣੀ ਕਾਫਲੇ ਵਿੱਚ ਉਸਦੇ ਯੋਗਦਾਨ ਨੂੰ ਅੱਜ ਵੀ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ। ਉਸਦੀ ਇਹ ਇੱਕ ਜ਼ਿਕਰਯੋਗ ਖਾਸੀਅਤ ਹੈ ਕਿ ਉਹ ਪਹਿਲਾਂ ਤਾਂ ਕਿਸੇ ਨਾਲ ਵਾਇਦਾ ਨਹੀ ਕਰਦਾ ਜੇ ਕਰ ਲਵੇ ਤਾਂ ਤੋੜ ਨਿਭਾਉਂਦਾ ਹੈ। ਗੱਪ ਮਾਰਨ ਦੀ ਉਸਨੂੰ ਆਦਤ ਨਹੀਂ। ਸੱਚ ਤੋਂ ਕਦੇ ਪਰੇ ਨਹੀਂ ਹਟਦਾ। ਇਸੇ ਕਰਕੇ 22 ਸਾਲ ਤੋਂ 'ਨਿੱਕੀਆਂ ਕਰੂੰਬਲਾਂ' ਦੇ ਨਿਰੰਤਰ ਸੰਪਾਦਨ ਤੇ ਪ੍ਰਕਾਸ਼ਨ ਨਾਲ ਸਾਹਿਤ ਵਿੱਚ ਇੱਕ ਮੀਲ ਪੱਥਰ ਗੱਡਿਆ ਹੈ। ਬਾਲ ਸਾਹਿਤ ਤੇ ਕਲਾ ਨੂੰ ਹੀ ਆਪਣੇ ਜੀਵਨ ਦਾ ਮਨੋਰਥ ਬਣਾ ਚੁੱਕਾ ਹੈ। ਉਸਨੇ ਲੇਖ, ਕਹਾਣੀ, ਕਵਿਤਾ, ਗੀਤ ਅਤੇ ਬਾਲ ਸਾਹਿਤ ਦੀ ਹਰ ਵੰਨਗੀ ਤੇ ਹੱਥ ਅਜ਼ਮਾਇਆ ਹੈ। ਨੈਸ਼ਨਲ ਬੁੱਕ ਟਰੱਸਟ ਇੰਡੀਆ ਲਈ ਕੁੱਝ ਪੁਸਤਕਾਂ ਦਾ ਅਨੁਵਾਦ ਅਤੇ ਸੰਪਾਦਨ ਕਰਕੇ ਨਿੱਗਰ ਯੋਗਦਾਨ ਪਾਇਆ ਹੈ। 'ਆਲ੍ਹਣਿਆਂ ਦੀ ਰਾਖੀ' ਕਹਾਣੀ ਸੰਗ੍ਰਹਿ ਵਿੱਚ ਉਸਨੇ ਬੱਚਿਆਂ ਨੂੰ ਆਧੁਨਿਕ ਸਮੇਂ ਦੀਆਂ ਸਮੱਸਿਆਵਾਂ ਨੂੰ ਰੌਚਿਕ ਸ਼ੈਲੀ ਵਿੱਚ ਪੇਸ਼ ਕਰਕੇ ਵਾਹ-ਵਾਹ ਖੱਟੀ ਹੈ। ਇਸ ਕਾਰਜ ਤੇ ਫ਼ਖ਼ਰ ਮਹਿਸੂਸ ਕਰਦਾ ਹੋਇਆ ਮੁਬਾਰਕਾਂ ਦਿੰਦਾ ਹਾਂ।

-ਕਮਲਜੀਤ ਨੀਲੋਂ

ਭਾਰਤੀ ਸਾਹਿਤ ਅਕੈਡਮੀ ਪੁਰਸਕਾਰ ਜੇਤੂ ਤੇ ਸ਼੍ਰੋਮਣੀ ਬਾਲ ਸਾਹਿਤਕਾਰ

ਤਾਰੇ ਅਸਮਾਨੋਂ ਤੋੜਨ ਦੇ ਯਤਨ ਵਿੱਚ ਹਾਲੇ ਤੱਕ ਕੋਈ ਵੀ ਸਫ਼ਲ ਨਹੀਂ ਹੋਇਆ ਪਰ ਇਸ ਦਾ ਅਰਥ ਇਹ ਨਹੀਂ ਕਿ ਇਹ ਹਿੰਮਤ ਤੇ ਹੌਸਲਾ ਸਦਾ ਲਈ ਤਿਆਗ ਦੇਣਾ ਚਾਹੀਦਾ ਹੈ। ਬਲਜਿੰਦਰ ਮਾਨ ਪਿਛਲੇ ਲੰਬੇ ਅਰਸੇ ਤੋਂ ਨਿਰੰਤਰ ਉਸ ਖੇਤਰ ਵਿੱਚ ਸਰਗਰਮੀ ਨਾਲ ਕੰਮ ਕਰ ਰਿਹਾ ਹੈ ਜਿਸ ਕੰਮ ਨੂੰ ਸਰਕਾਰੀ ਤੌਰ ਤੇ ਕਰਨਾ ਚਾਹੀਦਾ ਸੀ ਪਰ ਉਹ ਵਿਅਕਤੀਗਤ ਤੌਰ ਤੇ ਇੱਕ ਸੰਸਥਾ ਵਰਗਾ ਕੰਮ ਕਰਦਾ ਤੁਰਿਆ ਆਉਂਦਾ ਹੈ। ਜਿਸ ਯੁੱਗ ਵਿੱਚ ਬਾਲ ਅਵਸਥਾ ਨੂੰ ਸੰਭਾਲਣ ਦੀ ਅਤਿ ਲੋੜ ਪੈ ਗਈ ਹੈ ਉਦੋਂ ਉਹ ਲੋਕ ਸੁੱਤੇ ਪਏ ਨੇ ਜਿਨ੍ਹਾਂ ਨੂੰ ਜਾਗਣਾ ਚਾਹੀਦਾ ਸੀ ਪਰ ਮਾਨ ਆਪ ਸੁਚੇਤ ਹੀ ਨਹੀਂ ਸਗੋਂ ਉਹ ਸੁੱਤਿਆਂ ਨੂੰ ਹਿਲਾਉਣ ਵਿੱਚ ਲੱਗਾ ਹੋਇਆ ਹੈ । ਇਹ ਸੋਚ ਕੇ ਕਿ ਹੱਕਾਂ ਦੀ ਗੱਲ ਕਰਨ ਵਾਲਿਓ ਫਰਜ਼ ਵੀ ਪਛਾਣੋ। ਜੇ ਉਹਦੇ ਦੋਮਾਸਕ ਪਰਚੇ 'ਨਿੱਕੀਆਂ ਕਰੂੰਬਲਾਂ' ਨੂੰ ਬੁੱਧੀਜੀਵੀ ਕਲਾਵੇ 'ਚ ਘੁੱਟ ਰਹੇ ਹਨ ਤਾਂ ਕਿਹਾ ਜਾ ਸਕਦਾ ਹੈ ਕਿ ਕਾਵਾਂ ਰੌਲ਼ੀ ਵਿੱਚ ਕੋਇਲ ਦੇ ਗੀਤ ਸੁਣੇ ਜਾਣ ਦੀ ਅਵਸਥਾ ਹਮੇਸ਼ਾਂ ਬਣ ਰਹੀ ਹੈ। ਬਲਜਿੰਦਰ ਮਾਨ ਉਨ੍ਹਾਂ ਲੋਕਾਂ ਦੀ ਕਤਾਰ ਵਿੱਚ ਆਣ ਖਲੋਇਆ ਹੈ ਜਿਹੜੇ ਇਸ ਗੱਲ ਦੇ ਧਾਰਨੀ ਹਨ ਕਿ ਨੱਚਣ ਦਾ ਚਾਅ ਹੋਵੇ ਤਾਂ ਝਾਂਜਰਾਂ ਨਾ ਵੀ ਹੋਣ ਤਦ ਵੀ ਕੰਮ ਚਲ ਜਾਂਦਾ ਹੈ । ਉਹ ਆਪਣੇ ਸੀਮਤ ਆਰਥਿਕ ਵਸੀਲਿਆਂ ਦੇ ਬਾਵਜੂਦ ਬਾਲ ਸਾਹਿਤ ਦੇ ਖੇਤਰ ਵਿੱਚ ਉਵੇਂ ਕੰਮ ਕਰ ਰਿਹਾ ਹੈ ਕਿ ਜੇ ਤੁਰਨ ਦੀ ਜਾਚ ਆਉਂਦੀ ਹੋਵੇ ਤਾਂ ਵਿੰਗੇ-ਟੇਡੇ ਰਾਹਾਂ ਤੇ ਵੀ ਸਿੱਧਾ ਤੁਰਿਆ ਜਾ ਸਕਦਾ ਹੈ। ਧਰਤੀ ਨੂੰ ਕਲੀ ਕਰਵਾਉਣ ਦਾ ਸੁਪਨਾ ਲੈਣਾ ਨਹੀ ਚਾਹੀਦਾ ਪਰ ਉਹ ਕੁੱਝ ਤਾਂ ਕਰਨਾ ਚਾਹੀਦਾ ਹੈ ਜਿਸ ਨਾਲ ਘੱਟੋ ਘੱਟ ਕੁੱਝ ਖਿੱਤੇ ਵਿੱਚ ਤਾਂ ਰੋਸ਼ਨੀ ਹੋ ਸਕੇ। ਬਾਲ ਸਾਹਿਤ ਦੇ ਖੇਤਰ ਵਿੱਚ ਬਲਜਿੰਦਰ ਮਾਨ ਦੇ ਕੀਤੇ ਕਾਰਜ ਪ੍ਰਤੀ ਜੇ ਹੁਣ ਨਹੀਂ ਤਾਂ ਸਮਾਂ ਆਵੇਗਾ ਜਦੋਂ ਉਹ ਬਿਨਾਂ ਮੁਕਾਬਲਾ ਵੀ ਜੇਤੂ ਘੋਸ਼ਿਤ ਕੀਤਾ ਜਾ ਸਕਦਾ ਹੈ। ਬੱਚਿਆਂ ਲਈ ਵਕਤੀ ਨਹੀ ਚਿਰ ਸਦੀਵੀ ਕੀਤੇ ਜਾ ਰਹੇ ਉਹਦੇ ਕਾਰਜਾਂ ਨੂੰ ਸਲਾਮ ਹੀ ਨਹੀ ਪ੍ਰਣਾਮ ਵੀ ਕਰਦਾ ਹਾਂ ਤੇ ਹੱਥਲੀ ਪੁਸਤਕ 'ਆਲ੍ਹਣਿਆਂ ਦੀ ਰਾਖੀ' ਦੀਆਂ ਬਾਲ ਕਹਾਣੀਆਂ ਨੂੰ ਨਾ ਸਿਰਫ ਪੜ੍ਹਿਆ ਜਾਵੇਗਾ ਸਗੋਂ ਸਲਾਹਿਆ ਵੀ ਜਾਂਦਾ ਰਹੇਗਾ। ਸਹੀ ਅਰਥਾਂ ਵਿੱਚ ਉਹ ਵਕਤ ਦਾ ਤਰਜਮਾਨ ਬਣ ਗਿਆ ਹੈ।

-ਐਸ ਅਸ਼ੋਕ ਭੌਰਾ

ਸੰਚਾਲਕ ਤੇ ਸੰਪਾਦਕ, ਗਲੋਬਲ ਪੰਜਾਬ ਟੀ.ਵੀ., ਅਮਰੀਕਾ

ਪ੍ਰਕਾਸ਼ਕ
ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਮਾਹਿਲਪੁਰ (ਹੁਸ਼ਿਆਰਪੁਰ)

ਮੁੱਲ ₹ 70